# 82

# ਆਖ਼ਰੀ ਪਲਾਂ ਦੀਆਂ ਤਿਆਰੀਆਂ

**ਬਾਈਬਲ ਪਾਠ #35**

VII. ਯਿਸੂ ਦੀ ਸੇਵਕਾਈ ਦਾ ਆਖ਼ਰੀ ਹਫ਼ਤਾ (ਚੱਲਦਾ)।

ਗ. ਸ਼ੁੱਕਰਵਾਰ: ਯਿਸੂ ਦੀ ਮੌਤ ਦਾ ਦਿਨ (ਚੱਲਦਾ)।

1. ਆਖ਼ਰੀ ਭੋਜ (ਚੱਲਦਾ)।

ਕ. ਰਸੂਲਾਂ ਨੂੰ ਦਲੇਰੀ ਅਤੇ ਚਿਤਾਵਨੀ ਦਿੱਤੀ ਗਈ (ਯੂਹੰਨਾ 14:1–16:33)।

ਖ. ਪਿਤਾ ਅੱਗੇ ਬੇਨਤੀ ਕੀਤੀ ਗਈ (ਯੂਹੰਨਾ 17:1–26)।

## ਜਾਣ ਪਛਾਣ

ਆਪਣੇ ਪਰਿਵਾਰ ਨਾਲ ਦਸ ਸਾਲ ਤਕ ਆਸਟ੍ਰੇਲੀਆ ਵਿਚ ਗ੍ਰੇਟਰ ਸਿਡਨੀ ਨਾਮਕ ਥਾਂ ਤੇ ਮੈਕਵੇਰੀ ਦੀ ਮੰਡਲੀ ਨਾਲ ਕੰਮ ਕਰਨ ਤੋਂ ਬਾਅਦ ਨਵੰਬਰ 1977 ਵਿਚ, ਮੈਂ ਅਮਰੀਕਾ ਵਾਪਸ ਜਾਣ ਦੀ ਤਿਆਰੀ ਕਰ ਰਿਹਾ ਸਾਂ।[1] ਇਹ ਸਮਾਂ ਬਹੁਤ ਹੀ ਭੱਜ ਦੌੜ ਵਾਲਾ ਸੀ, ਜਿਸ ਵਿਚ ਅਸੀਂ ਬਹੁਤ ਸਾਰਾ ਕੰਮ ਪੂਰਾ ਕਰਨਾ ਸੀ ਅਤੇ ਬਹੁਤ ਸਾਰੀਆਂ ਤਿਆਰੀਆਂ ਕਰਨੀਆਂ ਸਨ! ਇਹ ਹੰਝੂਆਂ ਭਰਿਆ ਸਮਾਂ ਸੀ: ਅਸੀਂ ਪਰਿਵਾਰ ਅਤੇ ਪੁਰਾਣੇ ਦੋਸਤਾਂ ਨਾਲ ਫੇਰ ਮਿਲਣ ਦੀ ਰਾਹ ਵੇਖ ਰਹੇ ਸਾਂ, ਪਰ ਨਵੇਂ ਦੋਸਤਾਂ ਤੋਂ ਵਿਛੜਨ ਕਰਕੇ ਅਸੀਂ ਉਦਾਸ ਵੀ ਸਾਂ, ਜੋ ਸਾਡੇ ਬਹੁਤ ਨੇੜੇ ਆ ਗਏ ਸਨ। ਇਹ ਚਿੰਤਾ ਦਾ ਸਮਾਂ ਸੀ, ਕਿਉਂਕਿ ਮੰਡਲੀ ਦੇ ਕਈ ਲੋਕ ਨਵੇਂ ਮਸੀਹੀ ਸਨ ਅਤੇ ਸਾਨੂੰ ਉਨ੍ਹਾਂ ਦੀ ਰੂਹਾਨੀ ਭਲਿਆਈ ਦੀ ਚਿੰਤਾ ਸੀ। ਅਸੀਂ ਇਨ੍ਹੀਂ ਦਿਨੀਂ ਸਿਖਾਉਣ, ਯੋਜਨਾ ਬਣਾਉਣ ਅਤੇ ਦੁਆ ਕਰਨ ਵਿਚ ਬਹੁਤ ਸਾਰਾ ਸਮਾਂ ਗੁਜਾਰਿਆ।

ਮਿਲਾਉਣ ਦੀ ਗੱਲ ਤਾਂ ਸਿੱਧ ਤੋਂ ਬਹੁਤ ਦੂਰ ਹੁੰਦੀ ਹੈ, ਸਾਡੀ ਹਾਲਤ ਕੁਝ ਕੁਝ ਮੌਤ ਦੇ ਨੇੜੇ ਆਉਣ ਤੇ ਯਿਸੂ ਦੀ ਹਾਲਤ ਵਰਗੀ ਹੀ ਹੈ। ਜਿਨ੍ਹਾਂ ਆਇਤਾਂ ਦਾ ਅਸੀਂ ਅਧਿਐਨ ਕਰਾਂਗੇ, ਉਨ੍ਹਾਂ ਵਿਚ ਉਸ ਨੇ ਆਪਣੇ ਚੇਲਿਆਂ ਤੇ ਜ਼ੋਰ ਦੇ ਕੇ ਕਿਹਾ ਕਿ ਉਸ ਦੇ ਜਾਣ ਦਾ ਸਮਾਂ ਆ ਪੁੱਜਿਆ ਹੈ (ਯੂਹੰਨਾ 14:2, 3, 12, 19, 28, 30; 16:7, 16, 28; 17:1, 13; ਵੇਖੋ 13:33)। ਇਕ ਅਰਥ ਵਿਚ ਯੂਹੰਨਾ 14–17 ਵਿਚ ਯਿਸੂ ਨੂੰ ''ਆਖ਼ਰੀ ਤਿਆਰੀਆਂ'' ਕਰਦੇ ਹੋਏ ਵਿਖਾਇਆ ਗਿਆ ਹੈ। ਇਨ੍ਹਾਂ ਅਧਿਆਇਆਂ ਦੀ ਸ਼ੁਰੂਆਤ ਚੇਲਿਆਂ ਨੂੰ ''ਮਹਾਨ ਵਿਦਾਈ ਸੰਦੇਸ਼'' ਦੇਣ ਨਾਲ (ਅਧਿਆਇ 14–16) ਅਤੇ ਅੰਤ ਉਨ੍ਹਾਂ ਲਈ ਪ੍ਰਭੂ ਦੀ ਦੁਆ ਨਾਲ ਹੁੰਦਾ ਹੈ (ਅਧਿਆਇ 17)।

ਮੈਂ ਮੰਨਦਾ ਹਾਂ ਕਿ ਯੂਹੰਨਾ 14–17 ਨੂੰ ਸਮਝਣਾ ਸੌਖਾ ਨਹੀਂ ਹੈ। ਪਰ ਯੂਹੰਨਾ ਦੀ ਇੰਜ਼ੀਲ ਦੇ ਸਭ ਤੋਂ ਵੱਡੇ ਖੰਡਾਂ ਵਿੱਚੋਂ ਇਕ ਹੈ, ਜਿਸ ਵਿਚ ਬਹੁਤ ਸਾਰੀਆਂ ਮਹਾਨ ਆਇਤਾਂ ਹਨ। ਐਚ. ਆਈ. ਹੇਸਟਰ ਨੇ ਇਨ੍ਹਾਂ ਅਧਿਆਇਆਂ ਨੂੰ ''ਮਸੀਹੀ ਵਿਸ਼ਵਾਸ ਦੇ ਸਭ ਤੋਂ ਵੱਡੇ ਖ਼ਜ਼ਾਨਿਆਂ ਵਿੱਚੋਂ ਇਕ'' ਕਿਹਾ ਹੈ।[2] ਜੌਨ ਐਫ਼. ਕਾਰਟਰ ਨੇ ਕਿਹਾ ਹੈ, ''ਇਨ੍ਹਾਂ ਕੀਮਤੀ ਵਚਨਾਂ ਵਿਚ ... ਪਿਆਰੇ ਚੇਲੇ ਨੇ ਸਾਨੂੰ ਪ੍ਰਭੂ ਯਿਸੂ ਦੇ ਜਜ਼ਬਾਤੀ ਜੀਵਨ ਨੂੰ ਵਿਖਾਇਆ ਹੈ, ਜੋ ਇੰਜੀਲ ਵਿਚ ਹੋਰ ਕਿਤੇ ਨਹੀਂ ਮਿਲਦਾ।''[3] ਐਫ਼. ਲੇਗਰਡ ਸਮਿਥ ਨੇ ਲਿਖਿਆ ਹੈ, ''ਯਿਸੂ ਦੀ ਕਹੀ ਹਰ ਗੱਲ ਤੋਂ ਉਸ ਬੋਝ ਦੀ ਝਲਕ ਮਿਲਦੀ ਹੈ, ਜੋ ਉਨ੍ਹਾਂ ਲੋਕਾਂ ਦੇ ਉਸ ਦੇ ਵੱਲੋਂ ਸ਼ੁਰੂ ਕੀਤੇ ਗਏ ਕੰਮ ਨੂੰ ਪੂਰਾ ਕਰਨ ਦੇ ਲਈ

ਛੱਡਣ ਵਿਚ ਮਹਿਸੂਸ ਕਰਦਾ ਹੈ।''[4]

ਇਸ ਪਾਠ ਵਿਚ ਤੁਹਾਨੂੰ ਸਿਰਫ਼ ਇਨ੍ਹਾਂ ਮਹਾਨ ਅਧਿਆਇਆਂ ਦੀ ਜਾਣ ਪਛਾਣ ਹੀ ਦੇ ਸਕਦਾ ਹਾਂ। ਫਿਰ ਤੁਸੀਂ ਉਨ੍ਹਾਂ ਤੇ ਧਿਆਨ ਦਿੰਦੇ ਹੋਏ ਅਤੇ ਉਨ੍ਹਾਂ ਦੀਆਂ ਸਚਿਆਈਆਂ ਤੋਂ ਬਰਕਤ ਪਾਉਂਦੇ ਹੋਏ ਜ਼ਿੰਦਗੀ ਕੱਟ ਸਕਦੇ ਹੋ। ਇਕ ਇਕ ਆਇਤ ਦਾ ਅਧਿਐਨ ਕਰਨ ਦੀ ਥਾਂ, ਇਕ ਇਕ ਖੰਡ ਤੇ ਵਿਚਾਰ ਕਰਨ ਦੀ ਥਾਂ ਮੈਂ ਉਨ੍ਹਾਂ ਵਿੱਚੋਂ ਕੁਝ ਵਿਸ਼ਵਾਸ ਦੀਆਂ ਝਲਕੀਆਂ ਦਿਆਂਗਾ। ਸਫ਼ਰ ਦੀ ਤਿਆਰੀ ਲਈ ਕੀਤੇ ਜਾਣ ਵਾਲੇ ਜ਼ਰੂਰੀ ਇੰਤਜ਼ਾਮਾਂ ਤੇ ਧਿਆਨ ਦੇ ਕੇ ਮੈਂ ਇਸ ਤਰ੍ਹਾਂ ਕਰਾਂਗਾ। ਮੈਂ ਆਪਣੇ ਪਰਿਵਾਰ ਦੇ ਆਸਟ੍ਰੇਲੀਆ ਤੋਂ ਜਾਣ ਅਤੇ ਯਿਸੂ ਦੇ ਇਸ ਸੰਸਾਰ ਤੋਂ ਜਾਣ ਦੀ ਤੁਲਨਾ ਕਰਨ ਦਾ ਸੁਝਾਅ ਦੇਵਾਂਗਾ।

ਯੂਹੰਨਾ 14–17 ਦੀ ਸਮੀਖਿਆ ਕਰਦੇ ਹੋਏ, ਧਿਆਨ ਰੱਖੋ ਕਿ ਯਿਸੂ ਸਭ ਤੋਂ ਪਹਿਲਾਂ ਆਪਣੇ ਚੇਲਿਆਂ ਨੂੰ ਸੰਬੋਧਿਤ ਕਰ ਰਿਹਾ ਸੀ। ਕਈ ਆਇਤਾਂ ਦੀ ਆਮ ਪ੍ਰਾਸੰਗਿਕਤਾ ਬਣਾਈ ਜਾ ਸਕਦੀ ਹੈ, ਪਰ ਸਾਨੂੰ ਚਾਹੀਦਾ ਹੈ ਕਿ ਉਨ੍ਹਾਂ ਲੋਕਾਂ ਨਾਲ ਕੀਤੇ ਗਏ ਵਾਅਦਿਆਂ ਦਾ ਦਾਅਵਾ ਨਾ ਕਰਨ ਵਿਚ ਚੌਕਸ ਰਹੀਏ (ਉਦਾਹਰਣ ਲਈ, 14:26)।

## ਹਮਦਰਦੀ ਭਰੀ ਦਲੇਰੀ

ਜੁਦਾਈ ਸਭ ਲਈ ਮੁਸ਼ਕਿਲ ਹੁੰਦੀ ਹੈ। ਮਸੀਹ ਦੇ ਜਾਣ ਦੀ ਗੱਲ ਸੁਣ ਕੇ, ਚੇਲੇ ਉਦਾਸ ਹੋ ਗਏ ਸਨ (ਯੂਹੰਨਾ 16:6)। ਇਸ ਲਈ ''ਮਹਾਨ ਵਿਦਾਈ ਸੰਦੇਸ਼'' ਦੀ ਸ਼ੁਰੂਆਤ ਉਤਸ਼ਾਹ ਦੇ ਸ਼ਬਦਾਂ ''ਮੈਂ ਤੁਹਾਨੂੰ ਸ਼ਾਂਤੀ ਦੇ ਜਾਂਦਾ ਹਾਂ'' ਨਾਲ ਹੁੰਦੀ ਹੈ (14:1)। ਬਾਅਦ ਵਿਚ ਯਿਸੂ ਨੇ ਕਿਹਾ, ''ਆਪਣੀ ਸ਼ਾਂਤੀ ਮੈਂ ਤੁਹਾਨੂੰ ਦਿੰਦਾ ਹਾਂ। ਜਿਸ ਤਰ੍ਹਾਂ ਸੰਸਾਰ ਦਿੰਦਾ ਹੈ ਮੈਂ ਉਸ ਤਰ੍ਹਾਂ ਤੁਹਾਨੂੰ ਨਹੀਂ ਦਿੰਦਾ:[5] ਤੁਹਾਡਾ ਦਿਲ ਨਾ ਘਬਰਾਏ ਅਤੇ ਨਾ ਡਰੇ'' (ਯੂਹੰਨਾ 14:27; ਵੇਖੋ 16:33)। ਇਹ ਸੰਦੇਸ਼ ਤਸੱਲੀ ਅਤੇ ਸਮਰੱਥਾ ਦੇਣ ਦੇ ਵਚਨਾਂ ਨਾਲ ਭਰਿਆ ਹੈ। ਪ੍ਰਭੂ ਨੇ ਆਪਣੇ ਚੇਲਿਆਂ ਨੂੰ ਪਿਆਰ ਦਾ ਭਰੋਸਾ ਦਿੱਤਾ (15:9, 12) ਅਤੇ ਉਨ੍ਹਾਂ ਨੂੰ ''ਮਿੱਤਰ'' ਕਿਹਾ (15:15)। ਉਸ ਨੇ ਵਾਅਦਾ ਕੀਤਾ ਕਿ ਹਾਲਾਂਕਿ ਉਸ ਸਮੇਂ ਉਹ ਉਦਾਸ ਸਨ, ਪਰ ਉਨ੍ਹਾਂ ਦੀ ਉਦਾਸੀ ਅਨੰਦ ਵਿਚ ਬਦਲ ਜਾਣੀ ਸੀ (16:20–22; ਵੇਖੋ 15:11)।

ਦਲੇਰੀ ਦੀਆਂ ਇਹ ਗੱਲਾਂ ਕਰਦੇ ਹੋਏ ਯਿਸੂ ਜਾਣਦਾ ਸੀ ਕਿ ਉਹ ਦੇ ਕੋਲ ਸਿਰਫ਼ ਕੁਝ ਹੀ ਘੰਟੇ ਬਚੇ ਹਨ (ਵੇਖੋ 14:30; 16:20, 32; 17:1)। ਤਾਂ ਵੀ ਉਸ ਦਾ ਧਿਆਨ ਆਪਣੇ ਚੇਲਿਆਂ ਤੇ ਸੀ। ਪ੍ਰਭੂ ਦਾ ਨਿਸੁਆਰਥਪਣ ਅਤੇ ਦੂਜਿਆਂ ਲਈ ਧਿਆਨ ਮੈਨੂੰ ਪ੍ਰੇਰਣਾ ਦਿੰਦਾ ਹੈ।

## ਸੰਜੀਦਾ ਵਿਆਖਿਆ

ਜਾਣ ਦਾ ਕੋਈ ਐਲਾਨ ਕੀਤੇ ਜਾਣ ਤੇ ਅਕਸਰ ਇਹ ਸਵਾਲ ਪੁੱਛਿਆ ਜਾਂਦਾ ਹੈ, ''ਤੁਸੀਂ ਕਿਉਂ ਜਾ ਰਹੇ ਹੋ?'' ਸਾਨੂੰ ਸਵਾਲ ਪੁੱਛਿਆ ਗਿਆ ਸੀ, ਸੋ ਅਸੀਂ ਆਪਣੇ ਕਾਰਣ ਦੱਸ ਦਿੱਤੇ। ਕੁੜੀਆਂ ਵੱਡੀਆਂ ਹੋ ਚੁੱਕੀਆਂ ਸਨ ਅਤੇ ਅਸੀਂ ਚਾਹੁੰਦੇ ਸਾਂ ਕਿ ਉਨ੍ਹਾਂ ਨੂੰ ਮਸੀਹੀ ਵਿਦਿਆਲੇ ਵਿਚ ਦਾਖ਼ਲਾ ਦੁਆਇਆ ਜਾਵੇ; ਮੇਰੀ ਪਤਨੀ ਦੀ ਮਾਂ ਭਾਵ ਮੇਰੀ ਸੱਸ ਅੱਸੀ ਸਾਲ ਦੇ ਨੇੜੇ ਸੀ ਅਤੇ ਸਾਨੂੰ ਲੱਗਾ ਕਿ ਉਨ੍ਹਾਂ ਦੇ ਆਖ਼ਰੀ ਸਾਲਾਂ ਵਿਚ ਸਾਨੂੰ ਉਸ ਦੇ ਨਾਲ ਹੋਣਾ ਚਾਹੀਦਾ ਹੈ।[6]

ਮਸੀਹ ਨੇ ਵੀ ਆਪਣੇ ਚੇਲਿਆਂ ਨੂੰ ਦੱਸਿਆ ਕਿ ਉਸ ਦਾ ਜਾਣਾ ਜ਼ਰੂਰੀ ਕਿਉਂ ਸੀ। ਪਹਿਲੀ ਗੱਲ ਤਾਂ ਇਹ ਕਿ ਪਹਿਲਾਂ ਤੋਂ ਯੋਜਨਾ ਸੀ ਕਿ ਧਰਤੀ ਤੇ ਆਉਣ ਤੋਂ ਬਾਅਦ ਉਹ ਆਪਣੇ ਪਿਤਾ ਦੇ ਕੋਲ ਮੁੜ ਆਵੇਗਾ (14:28; 16:5, 28)। ਤਦ ਉਸ ਨੂੰ ਪਹਿਲੀ ਵਡਿਆਈ ਫੇਰ ਮਿਲ ਜਾਣੀ ਸੀ (17:5)। ਯਿਸੂ ਨੇ ਚੇਲਿਆਂ ਨੂੰ ਦੱਸਿਆ ਕਿ ''ਜੇ ਤੁਸੀਂ ਮੇਰੇ ਨਾਲ ਪਿਆਰ ਕਰਦੇ ਤਾਂ ਐਸ ਤੋਂ

ਅਨੰਦ ਹੁੰਦੇ ਹੋ ਜੋ ਮੈਂ ਪਿਤਾ ਕੋਲ ਜਾਂਦਾ ਹਾਂ'' (14:28)।

ਪਰ ਮਸੀਹ ਨੇ ਮੁੱਖ ਤੌਰ ਤੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਉਸ ਦਾ ਜਾਣਾ ਚੇਲਿਆਂ ਦੇ ਲਈ ਕਿਵੇਂ ਲਾਭਦਾਇਕ ਹੋਣਾ ਸੀ। ਉਸ ਨੇ ਉਨ੍ਹਾਂ ਨੂੰ ਦੱਸਿਆ, ''ਮੈਂ ਤੁਹਾਡੇ ਲਈ ਜਗ੍ਹਾ ਤਿਆਰ ਕਰਨ ਜਾਂਦਾ ਹਾਂ'' (ਯੂਹੰਨਾ 14:2)। ਇਸ ਤੋਂ ਇਲਾਵਾ ਉਸ ਨੇ ਆਪਣੇ ਚੇਲਿਆਂ ਨੂੰ ਦੱਸਿਆ ਕਿ ਧਰਤੀ ਤੇ ਰਹਿ ਕੇ ਉਹ ਉਨ੍ਹਾਂ ਲਈ ਓਨਾ ਨਹੀਂ ਕਰ ਸਕਦਾ, ਜਿੰਨਾ ਉਹ ਖ਼ੁਦਾ ਦੇ ਸੱਜੇ ਹੱਥ ਹੋਣ ਤੇ ਕਰ ਸਕਦਾ ਹੈ। ਇਹ ਉਸ ਨੇ *ਉਸ ਦੇ ਨਾਮ ਵਿਚ* ਦੁਆ ਕੀਤੇ ਜਾਣ ਦੀ ਗੱਲ ਕਹਿ ਕੇ ਕੀਤਾ। ਤਦ ਤਕ ਦੁਆ ਯਿਸੂ ਦੇ ਨਾਂਮ ਵਿਚ ਨਹੀਂ ਕੀਤੀ ਜਾਂਦੀ ਸੀ (ਯੂਹੰਨਾ 16:24); ਪਰ ਪਿਤਾ ਦੇ ਕੋਲ ਉਸ ਦੇ ਵਾਪਸ ਜਾਣ ਤੋਂ ਬਾਅਦ, ਉਸ ਨੇ ਉਨ੍ਹਾਂ ਦਾ ਵਿਚੋਲਾ ਬਣਨਾ ਸੀ (1 ਤਿਮੋਥਿਉਸ 2:5); ਉਸ ਨੇ ਆਪਣੇ ਚੇਲਿਆਂ ਲਈ ਬੇਨਤੀ ਕਰਨੀ ਸੀ (ਰੋਮੀਆਂ 8:34; ਇਬਰਾਨੀਆਂ 7:25; 9:24; 1 ਯੂਹੰਨਾ 2:1)। ਉਸ ਨੇ ਵਾਅਦਾ ਕੀਤਾ ਕਿ ਭਵਿੱਖ ਵਿਚ ਮੈਂ, ਉਹ *ਉਸ ਦੇ ਨਾਮ ਵਿਚ ਜੋ* ਵੀ ਮੰਗਣਗੇ, ਉਨ੍ਹਾਂ ਨੂੰ ਦਿੱਤਾ ਜਾਵੇਗਾ[7] (ਯੂਹੰਨਾ 14:13, 14; 15:16; 16:23, 24)।

ਆਪਣੇ ਜਾਣ ਦੇ ਕਾਰਣ ਸਮਝਾਉਂਦੇ ਹੋਏ, ਯਿਸੂ ਦਾ *ਮੁੱਖ* ਵਿਚਾਰ ਇਹ ਸੀ ਕਿ ਉਸ ਦਾ ਜਾਣਾ ਜ਼ਰੂਰੀ ਸੀ, ਤਾਂ ਕਿ ਪਵਿੱਤਰ ਆਤਮਾ ਆ ਸਕੇ। ਉਸ ਨੇ ਕਿਹਾ, ''ਪਰ ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਮੇਰਾ ਜਾਣਾ ਹੀ ਤੁਹਾਡੇ ਲਈ ਚੰਗਾ ਹੈ ਕਿਉਂਕਿ ਜੇ ਮੈਂ ਨਾ ਜਾਵਾਂ ਤਾਂ ਸਹਾਇਕ ਤੁਹਾਡੇ ਕੋਲ ਨਾ ਆਵੇਗਾ;[8] ਪਰ ਜੇ ਮੈਂ ਜਾਵਾਂ ਤਾਂ ਉਹ ਨੂੰ ਤੁਹਾਡੇ ਕੋਲ ਘੱਲ ਦਿਆਂਗਾ'' (16:7)। ਕੁਝ ਆਇਤਾਂ ਤੋਂ ਬਾਅਦ, ਮਸੀਹ ਨੇ ਇਸ ''ਸਹਾਇਕ'' ਨੂੰ ''ਆਤਮਾ'' ਆਖਿਆ (16:13)। ਤਿੰਨ ਸਾਲ ਪਹਿਲਾਂ, ਯੂਹੰਨਾ ਬਪਤਿਸਮਾ ਦੇਣ ਵਾਲੇ ਨੇ ਕਿਹਾ ਸੀ ਕਿ ਮੈਂ ਤਾਂ ਪਾਣੀ ਨਾਲ ਬਪਤਿਸਮਾ ਦਿੰਦਾ ਹਾਂ, ਪਰ ਮਸੀਹ ਪਵਿੱਤਰ ਆਤਮਾ ਵਿਚ ਬਪਤਿਸਮਾ ਦੇਵੇਗਾ (ਮਰਕੁਸ 1:8)। ਪਵਿੱਤਰ ਆਤਮਾ ਦਾ ਉਹ ਬਪਤਿਸਮਾ ਦੋ ਤੋਂ ਵੀ ਘੱਟ ਮਸੀਹਾਂ ਵਿਚ ਦਿੱਤਾ ਜਾਣਾ ਸੀ (ਰਸੂਲਾਂ ਦੇ ਕੰਮ 1:5, 8; 2:1–4, 33)। ਇਸ ਲਈ ਯਿਸੂ ਨੇ ਸੋਚਿਆ ਕਿ ਉਸ ਦੇ ਚੇਲਿਆਂ ਨੂੰ ਪਹਿਲਾਂ ਤੋਂ ਪਤਾ ਹੋਣਾ ਚਾਹੀਦਾ ਹੈ ਕਿ ਆਤਮਾ ਨਾਲ ਉਨ੍ਹਾਂ ਦਾ ਨਵਾਂ ਸਬੰਧ ਹੋਵੇਗਾ। ਪਵਿੱਤਰ ਆਤਮਾ ਦੇ ਕੰਮ ਬਾਰੇ ਬਾਕੀ ਇੰਜੀਲਾਂ ਤੋਂ ਜ਼ਿਆਦਾ ਯੂਹੰਨਾ 14–17 ਵਿਚ ਸਭ ਤੋਂ ਜ਼ਿਆਦਾ ਦੱਸਿਆ ਗਿਆ ਹੈ।

ਆਤਮਾ ਦੇ ਭੇਜੇ ਜਾਣ ਨੂੰ ਇਸ ਪਾਠ ਵਿਚ ਵੱਖਰਾ ਭਾਗ ਦੱਸਿਆ ਜਾਣਾ ਚਾਹੀਦਾ ਹੈ (ਅਗਲੀ ਮੁਖ ਵੰਡ ਵੇਖੋ), ਪਰ ਹੁਣੇ ਸਿਰਫ਼ ਯੂਹੰਨਾ 16:7 ਵਿੱਚੋਂ ਏਹ ਸ਼ਬਦ ਫੇਰ ਪੜ੍ਹੋ: ''ਮੇਰਾ ਜਾਣਾ ਹੀ ਤੁਹਾਡੇ ਲਈ ਚੰਗਾ ਹੈ।'' ਇਸ ਨੂੰ ਯੂਹੰਨਾ 14:12 ਵਿਚ ਮਸੀਹ ਦੇ ਅਨੋਖੇ ਵਾਅਦੇ ਨਾਲ ਜੋੜ ਸਕਦੇ ਹਾਂ: ''... ਜੋ ਮੇਰੇ ਉੱਤੇ ਨਿਹਚਾ ਕਰਦਾ ਹੈ ਸੋ ਏਹ ਕੰਮ ਜਿਹੜੇ ਮੈਂ ਕਰਦਾ ਹਾਂ ਉਹ ਵੀ ਕਰੇਗਾ ਸਗੋਂ *ਇਨ੍ਹਾਂ ਨਾਲੋਂ ਵੱਡੇ ਕੰਮ* ਕਰੇਗਾ, ਕਿਉਂ ਜੋ ਮੈਂ ਪਿਤਾ ਦੇ ਕੋਲ ਜਾਂਦਾ ਹਾਂ,'' ਚੇਲਿਆਂ ਨੇ *ਗੁਣ* ਵਿਚ ਯਿਸੂ ਤੋਂ ਵੱਡੇ ਕੰਮ (ਮੋਅਜਜ਼ੇ) ਨਹੀਂ ਕੀਤੇ,[9] ਪਰ *ਗਿਣਤੀ* ਵਿਚ ਉਨ੍ਹਾਂ ਨੇ ਉਸ ਤੋਂ ਵੱਡੇ ਕੰਮ ਕੀਤੇ ਹੋ ਸਕਦੇ ਹਨ (ਵੇਖੋ ਰਸੂਲਾਂ ਦੇ ਕੰਮ 5:12)।[10] ਉਨ੍ਹਾਂ ਨੇ ਇਹ ਕੰਮ ਆਤਮਾ ਦੀ ਸ਼ਕਤੀ ਨਾਲ ਕੀਤੇ (ਵੇਖੋ ਰਸੂਲਾਂ ਦੇ ਕੰਮ 1:8; ਰੋਮੀਆਂ 15:19)। ਮਸੀਹ ਨੇ ਜ਼ੋਰ ਦੇ ਕੇ ਕਿਹਾ ਕਿ ਉਸ ਦੇ ਜਾਣ ਨਾਲ ਹੀ ਇਹ ਮੁਮਕਿਨ ਹੋਣਾ ਸੀ।

## ਮਜ਼ਬੂਤ ਕਰਨ ਵਾਲੀ ਤਸੱਲੀ

ਆਸਟ੍ਰੇਲੀਆ ਤੋਂ ਜਾਣ ਤੋਂ ਪਹਿਲਾਂ ਅਸੀਂ ਮੈਕਵੇਰੀ ਦੀ ਮੰਡਲੀ ਨੂੰ ਕਹਿ ਕੇ ਉਤਸਾਹਿਤ ਕਰ ਸਕੇ ਕਿ ਸਾਡੀ ਜਗ੍ਹਾ ਕੋਈ ਹੋਰ ਉਨ੍ਹਾਂ ਨਾਲ ਹੋਵੇਗਾ: ਡੇਲ ਅਤੇ ਸ਼ੀਲਾ ਹਾਰਟਮੈਨ ਆਪਣੇ ਪਰਿਵਾਰ ਸਮੇਤ ਛੇਤੀ ਹੀ ਉੱਥੇ ਆਉਣ ਵਾਲੇ ਸਨ। ਇਸੇ ਤਰ੍ਹਾਂ ਯਿਸੂ ਨੇ ਆਪਣੇ ਚੇਲਿਆਂ ਨੂੰ ਭਰੋਸਾ ਦਿੱਤਾ ਕਿ ਉਹ ਉਨ੍ਹਾਂ ਨੂੰ ''ਅਨਾਥ'' (ਯੂਹੰਨਾ 14:18) ਨਹੀਂ ਛੱਡ ਰਿਹਾ ਸੀ, ਕਿਉਂਕਿ ਆਪਣੀ ਜਗ੍ਹਾ

ਉਹ ਕਿਸੇ ਹੋਰ ਨੂੰ ਅਰਥਾਤ ਪਵਿੱਤਰ ਆਤਮਾ ਨੂੰ ਭੇਜ ਰਿਹਾ ਸੀ। ਉਸ ਨੇ ਕਿਹਾ, ''ਮੈਂ ਆਪਣੇ ਪਿਤਾ ਤੋਂ ਮੰਗਾਂਗਾ ਅਰ ਉਹ ਤੁਹਾਨੂੰ ਦੂਜਾ ਸਹਾਇਕ ਬਖ਼ਸ਼ੇਗਾ ਭਈ ਉਹ ਸਦਾ ਤੁਹਾਡੇ ਸੰਗ ਰਹੇ'' (14:16)। ਯਿਸੂ ਉਨ੍ਹਾਂ ਦਾ ਸਹਾਇਕ ਰਿਹਾ ਸੀ, ਪਰ ਹੁਣ ਉਸ ਨੇ *ਇਕ ਹੋਰ* ਸਹਾਇਕ ਅਰਥਾਤ ਪਵਿੱਤਰ ਆਤਮਾ ਨੂੰ ਭੇਜਣਾ ਸੀ। ਮਸੀਹ ਉਨ੍ਹਾਂ ਨਾਲ ਸਿਰਫ਼ ਤਿੰਨ ਸਾਲ ਤਕ ਰਿਹਾ ਸੀ, ਪਰ ਨਵੇਂ ਸਹਾਇਕ ਨੇ ਉਨ੍ਹਾਂ ਨਾਲ ''ਸਦਾ'' ਤਕ ਰਹਿਣਾ ਸੀ।[11]

ਪਵਿੱਤਰ ਆਤਮਾ ਉਸੇ ਖ਼ੁਦਾਈ ਦਾ ਹਿੱਸਾ ਹੈ, ਜਿਸ ਨੂੰ ਬਾਈਬਲ ਵਿਚ ''ਈਸ਼ੁਰਤਾਈ'' ''ਪਰਮੇਸ਼ੁਰਤਾਈ'' ਅਤੇ KJV ਵਿਚ ''Godhead'' ਆਖਿਆ ਗਿਆ ਹੈ (ਰਸੂਲਾਂ ਦੇ ਕੰਮ 17:29; ਰੋਮੀਆਂ 1:20; ਕੁਲੁੱਸੀਆਂ 2:9)।[12] ਉਹ ਕਥਿਤ ਤਸਲੀਸ ਜਾਂ ''ਤ੍ਰੀਏਕਤਾ''[13] ਜਿਸ ਵਿਚ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਹੈ (ਮੱਤੀ 28:19), ਵਿੱਚੋਂ ਇਕ ਹੈ। ਯੂਹੰਨਾ 14:16 ਵਿਚ ਤਿੰਨ ਨੂੰ ਵੱਖ ਵੱਖ ਸ਼ਖ਼ਸੀਅਤਾਂ ਦੇ ਰੂਪ ਵਿਚ ਵਿਖਾਇਆ ਗਿਆ ਹੈ: ''ਮੈਂ *[ਪੁੱਤਰ]* ਪਿਤਾ ਤੋਂ ਮੰਗਾਂਗਾ, ਅਰ ਉਹ *[ਪਿਤਾ]* ਤੁਹਾਨੂੰ ਦੂਆ ਸਹਾਇਕ *[ਪਵਿੱਤਰ ਆਤਮਾ]* ਬਖ਼ਸ਼ੇਗਾ।'' ਬਹੁਤ ਸਾਰੇ ਲੋਕਾਂ ਲਈ ਪਵਿੱਤਰ ਆਤਮਾ ਪਰਮੇਸ਼ੁਰ ਦਾ ਸਭ ਤੋਂ ਭੇਤ ਭਰਿਆ ਸ਼ਖ਼ਸ ਹੈ। ਪਿਤਾ ਖ਼ੁਦ ਆਤਮਾ ਹੈ (ਯੂਹੰਨਾ 4:24), ਅਤੇ ਉਹ ਪਵਿੱਤਰ ਹੈ (1 ਪਤਰਸ 1:15)। ਇਸ ਲਈ ਪਿਤਾ ਬਾਰੇ ਤੁਹਾਡੀ ਜੋ ਵੀ ਧਾਰਨਾ ਹੈ, ਉਸ ਸਮਝ ਨੂੰ ਪਵਿੱਤਰ ਆਤਮਾ ਵਿਚ ਬਦਲ ਦਿਓ ਅਤੇ ਤੁਸੀਂ ਬਹੁਤੇ ਗਲਤ ਨਹੀਂ ਹੋਵੋਗੇ।

ਖ਼ੁਦਾਈ ਦੇ ਤਿੰਨੇ ਸ਼ਖ਼ਸ ਸੁਭਾਅ ਅਤੇ ਸ਼ਕਤੀ ਵਿਚ ਬਰਾਬਰ ਹਨ, ਪਰ ਜ਼ਿੰਮੇਵਾਰੀ ਵਿਚ ਤਿੰਨਾਂ ਵਿਚ ਫ਼ਰਕ ਹੈ। ਉਦਾਹਰਣ ਲਈ ਪਵਿੱਤਰ ਆਤਮਾ ਨੇ ਪਵਿੱਤਰ ਲਿਖਤ ਲਿਖਣ ਦੀ ਪ੍ਰੇਰਣਾ ਦਾ ਕੰਮ ਕੀਤਾ ਹੈ (2 ਪਤਰਸ 1:21; ਵੇਖੋ ਮਰਕੁਸ 12:36; ਰਸੂਲਾਂ ਦੇ ਕੰਮ 1:16; 4:25)। ਯੂਹੰਨਾ 14–16 ਮੁੱਢਲੀ ਕਲੀਸੀਆ ਵਿਚ ਉਸ ਦੇ ਕੰਮ ਬਾਰੇ ਦੱਸਦਾ ਹੈ। ਇਨ੍ਹਾਂ ਅਧਿਆਇਆਂ ਦੀਆਂ ਮੁੱਖ ਆਇਤਾਂ ਤੇ ਵਿਚਾਰ ਕਰਨਾ ਫ਼ਾਇਦੇਮੰਦ ਹੈ।

*ਯੂਹੰਨਾ 14:16, 17ੳ:* ਜਿਵੇਂ ਕਿ ਪਹਿਲਾਂ ਵੇਖਿਆ ਗਿਆ ਹੈ, ਯਿਸੂ ਨੇ ਚੇਲਿਆਂ ਨੂੰ ਦੱਸਿਆ ਕਿ ਉਹ ਉਨ੍ਹਾਂ ਨੂੰ ''ਇਕ ਹੋਰ ਸਹਾਇਕ'' ਦੇਵੇਗਾ। ਯੂਹੰਨਾ ਸ਼ਬਦ ''ਪੈਰਾਕਲੇਟ'' (*parakletos*)[14] ਦੇ ਅਨੁਵਾਦ ''ਦੇ ਨਾਲ'' (*para*) ਦੇ ਅਰਥ ਵਾਲੇ ਉਪਸਰਗ ਨਾਲ ''ਸਹਾਇਕ'' (*kaleo*) ਲਈ ਸ਼ਬਦ ਦੇ ਨਾਉਂ ਰੂਪ ਨੂੰ ਜੋੜਦਾ ਹੈ। ਇਹ ਮਦਦ ਜਾਂ ਸਹਾਇਤਾ ਕਰਨ ਲਈ ''ਨਾਲ ਬੁਲਾਏ ਜਾਣ ਵਾਲੇ'' ਲਈ ਹੈ। ਅੰਗ੍ਰੇਜ਼ੀ ਦੇ ਅਨੁਵਾਦ ਵਿਚ ਇਸ ਯੂਨਾਨੀ ਸ਼ਬਦ ਦੇ ਵੱਖੋ ਵੱਖ ਅਰਥ ਮਿਲਦੇ ਹਨ, ਜਿਨ੍ਹਾਂ ਦਾ ਅਨੁਵਾਦ ਵੱਖੋ ਵੱਖ ਹੈ, ''ਸਹਾਇਕ'' (NASB, NKJV), ''ਤਸੱਲੀ ਦੇਣ ਵਾਲਾ'' (KJV), ''ਸਲਾਹਕਾਰ'' (NIV, RSV) ਅਤੇ ''ਵਕੀਲ'' (NRSV)।[15] ਮਸੀਹ ਨੇ ਇਸ ਸਹਾਇਕ/ਤਸੱਲੀ ਦੇਣ ਵਾਲੇ/ਸਲਾਹਕਾਰ/ਵਕੀਲ ਨੂੰ ''ਸਚਿਆਈ ਦਾ ਆਤਮਾ'' ਆਖਿਆ। ਉਸਨੂੰ ਇਨ੍ਹਾਂ ਨਾਵਾਂ ਨਾਲ ਇਸ ਲਈ ਲਿਖਿਆ ਗਿਆ ਹੈ, ਕਿਉਂਕਿ ਉਹ ਸਾਰੀ ਸਚਿਆਈ ਪਰਗਟ ਕਰਦਾ ਅਤੇ ਸਿਰਫ਼ ਸਚਿਆਈ ਦੀ ਦੱਸਦਾ ਹੈ (14:26; ਵੇਖੋ 17:17)।

*ਯੂਹੰਨਾ 14:17:* ਸੰਸਾਰ (ਅਰਥਾਤ ਸੰਸਾਰ ਦਾ ਇੰਤਜ਼ਾਮ ਜਿਸ ਨੇ ਮਸੀਹ ਨੂੰ ਕਬੂਲ ਕਰਨ ਤੋਂ ਇਨਕਾਰ ਕਰ ਦਿੱਤਾ) ਆਤਮਾ ਨੂੰ ਵੇਖਣ, ਜਾਣਨ ਅਤੇ ਕਬੂਲ ਕਰਨ ਦੇ ਯੋਗ ਨਹੀਂ ਸੀ। ਦੂਜੇ ਪਾਸੇ, ਰਸੂਲ ਆਪਣੇ ਵਿਸ਼ਵਾਸ ਅਤੇ ਵਫ਼ਾਦਾਰੀ ਦੇ ਕਾਰਣ ਯੋਗ ਸਨ। ਕਾਲਾਂਤਰ ਵਿਚ ਪਵਿੱਤਰ ਆਤਮਾ ਉਨ੍ਹਾਂ ਦੇ *ਨਾਲ* ਸੀ।[16] ਥੋੜੀ ਦੇਰ ਬਾਅਦ, ਉਸ ਨੇ ਉਨ੍ਹਾਂ *ਵਿਚ* ਹੋਣਾ ਸੀ।[17] ਇਸ ਵਾਅਦੇ ਦਾ ਪੂਰਾ ਹੋਣਾ ਪੰਜਾਹ ਦਿਨਾਂ ਬਾਅਦ, ਯਹੂਦੀਆਂ ਦੇ ਪੈਂਟੀਕਾਸਟ ਨਾਮਕ ਤਿਉਹਾਰ ਤੇ ਹੋਇਆ (ਰਸੂਲਾਂ ਦੇ ਕੰਮ 2:1–4, 33)।

*ਯੂਹੰਨਾ 14:26:* ਯਿਸੂ ਨੇ ਚੇਲਿਆਂ ਨੂੰ ਕਈ ਗੱਲਾਂ ਸਿਖਾਈਆਂ ਸਨ, ਪਰ ਉਸ ਨੂੰ ਪਤਾ ਸੀ

ਕਿ ਚੇਲਿਆਂ ਨੂੰ ਜ਼ਿਆਦਾਤਰ ਗੱਲਾਂ ਯਾਦ ਨਹੀਂ ਸਨ। ਉਨ੍ਹਾਂ ਨੂੰ ਹੋਰ ਗਿਆਨ ਵੀ ਚਾਹੀਦਾ ਸੀ; ਪਰ ਇਨ੍ਹਾਂ ਵਿੱਚੋਂ ਕੁਝ ਗੱਲਾਂ ਦੱਸਣ ਦਾ ਹਾਲੇ ਉਸ ਕੋਲ ਸਮਾਂ ਨਹੀਂ ਸੀ (14:30), ਅਤੇ ਕੁਝ ਗੱਲਾਂ ਉਹ ਹਾਲੇ ਸਹਾਰ ਨਹੀਂ ਸਕਦੇ ਸਨ (16:12)। ਪਵਿੱਤਰ ਆਤਮਾ ਨੇ ਆ ਕੇ ਚੇਲਿਆਂ ਤੇ ਉਹ ਸਭ ਗੱਲਾਂ ਪਰਗਟ ਕਰ ਦੇਣੀਆਂ ਸਨ, ਜੋ ਖ਼ੁਦਾ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਸੀ। ਇਸ ਪਰਗਟ ਕਰਨ ਵਿਚ ਉਨ੍ਹਾਂ ਨੂੰ ਮਸੀਹ ਦੀਆਂ ਸਿਖਾਈਆਂ ਗਈਆਂ ਗੱਲਾਂ ਚੇਤੇ ਕਰਾਉਣਾ ਵੀ ਸ਼ਾਮਲ ਸੀ।

*ਯੂਹੰਨਾ 15:26:* ਪਵਿੱਤਰ ਆਤਮਾ ਦਾ ਮੁਖ ਕੰਮ ਯਿਸੂ ਦੀ ਗਵਾਹੀ ਦੇਣਾ ਹੋਣਾ ਸੀ (ਵੇਖੋ 16:14)। ਜਿਵੇਂ ਸੂਰਜ ਧਰਤੀ ਤੇ ਚਮਕਦਾ ਹੈ, ਉਸੇ ਤਰ੍ਹਾਂ ਪਵਿੱਤਰ ਆਤਮਾ ਦੀ ਚਮਕ ਦਾ ਮੁਖ ਮਕਸਦ ਮਸੀਹ ਅਤੇ ਇੰਜੀਲ ਨੂੰ ਉੱਚਾ ਕਰਨਾ ਸੀ (ਅਤੇ ਹੈ) (ਵੇਖੋ 1 ਕੁਰਿੰਥੀਆਂ 2:2; 15:1–4)।[18]

*ਯੂਹੰਨਾ 16:7–14:* ਪਵਿੱਤਰ ਆਤਮਾ ਨੇ ਆ ਕੇ ਗੈਰ ਵਿਸ਼ਵਾਸੀ *ਸੰਸਾਰ* ਲਈ ਅਤੇ *ਚੇਲਿਆਂ* ਲਈ ਕੁਝ ਹੋਰ ਕੰਮ ਕਰਨਾ ਸੀ: (1) ਉਸ ਨੇ ''ਸੰਸਾਰ ਨੂੰ ਪਾਪ ਅਤੇ ਧਾਰਮਿਕਤਾ ਅਤੇ ਨਿਆਂ ਬਾਰੇ ਕਾਇਲ'' ਕਰਨਾ ਸੀ। ਪਵਿੱਤਰ ਆਤਮਾ ਨੇ ਸੰਸਾਰ ਨੂੰ ਸ਼ਾਹੀ ਮਾਰਗਾਂ ਅਤੇ ਉਪਮਾਰਗਾਂ ਵਿਚ ਭੂਤਾਂ ਵਾਂਗ ਮੰਡਲਾਂ ਕੇ ''ਸੰਸਾਰ ਨੂੰ ਕਾਇਲ'' ਨਹੀਂ ਕਰਨਾ ਸੀ।[19] ਉਸ ਨੇ ਤਾਂ ਆਪਣੀ ਪ੍ਰੇਰਣਾ ਨਾਲ ਦਿੱਤੇ ਗਏ ਵਚਨ ਰਾਹੀਂ ਪਾਪੀਆਂ ਨੂੰ ਦੋਸ਼ੀ ਠਹਿਰਾਉਣਾ ਸੀ (17:20)। (2) ਉਸ ਨੇ ਸਿਰਫ਼ ਉਹੋ ਗੱਲਾਂ ਕਹਿ ਕੇ ਜੋ ਪਿਤਾ ਨੇ ਉਸ ਨੂੰ ਦੱਸੀਆਂ ਸਨ, ''ਸਾਰੀ ਸਚਿਆਈ'' ਵਿਚ ਰਸੂਲਾਂ ਦੀ ਅਗਵਾਈ ਕਰਨੀ ਸੀ।[20] ਰਸੂਲਾਂ ਉੱਤੇ ਪਰਗਟ ਕੀਤੀ ਗਈ ''ਸਾਰੀ ਸਚਿਆਈ'' ਨੂੰ ਲਿਖ ਦਿੱਤਾ ਗਿਆ ਸੀ,[21] ਅਤੇ ਅੱਜ ਇਹ ਸਾਡੇ ਕੋਲ ਨਵੇਂ ਨੇਮ ਦੇ ਸਫ਼ਿਆਂ ਵਿਚ ਮੌਜੂਦ ਹੈ ਅਤੇ ਸਾਡੇ ਲਈ ਖ਼ੁਦਾ ਦਾ ਮੁਕਾਸ਼ਫ਼ਾ ਮੁਕੰਮਲ ਹੈ ਜਿਸ ਕਰਕੇ ਵਾਧੂ ਮੁਕਾਸ਼ਫ਼ੇ ਦੀ ਕੋਈ ਲੋੜ ਨਹੀਂ ਹੈ (ਵੇਖੋ ਯਹੂਦਾ 3; 2 ਪਤਰਸ 1:3; ਗਲਾਤੀਆਂ 1:6–9)।

## ਸੰਤੁਸ਼ਟ ਕਰਨ ਵਾਲਾ ਭਰੋਸਾ

ਆਸਟ੍ਰੇਲੀਆ ਤੋਂ ਨਿਕਲਦੇ ਸਮੇਂ, ਮੈਕਵੇਰੀ ਦੇ ਮੈਂਬਰਾਂ ਨੂੰ ਇਹ ਦੱਸਣ ਤੋਂ ਇਲਾਵਾ ਕਿ ਸਾਡੀ ਜਗ੍ਹਾ ਆਉਣ ਵਾਲੇ ਲੋਕ ਪਹੁੰਚਣ ਹੀ ਵਾਲੇ ਸਨ, ਅਸੀਂ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਅਸੀਂ ਉਨ੍ਹਾਂ ਨੂੰ ਮਿਲਾਂਗੇ। ਇਸ ਜ਼ਿੰਦਗੀ ਵਿਚ ਨਹੀਂ ਤਾਂ ਅਗਲੀ ਵਿਚ। ਕੁਝ ਸਾਲਾਂ ਬਾਅਦ ਅਸੀਂ ਫੇਰ ਪਹਿਲੀ ਵਾਰ ਆਸਟ੍ਰੇਲੀਆ ਗਏ ਅਤੇ ਆਪਣੇ ਬਹੁਤ ਸਾਰੇ ਦੋਸਤਾਂ ਨਾਲ ਮਿਲ ਕੇ ਅਨੰਦ ਹੋਏ। ਚੇਲਿਆਂ ਨੂੰ ਆਪਣੇ ਜਾਣ ਦੇ ਲਈ ਤਿਆਰ ਕਰਦੇ ਹੋਏ ਯਿਸੂ ਨੇ ਵਾਅਦਾ ਕੀਤਾ, ਕਿ ਉਹ ਫੇਰ ਉਨ੍ਹਾਂ ਨਾਲ ਹੋਵੇਗਾ (ਉਦਾਹਰਣ ਲਈ ਵੇਖੋ, ਯੂਹੰਨਾ 14:3; 16:22)। ਯੂਹੰਨਾ 14–16 ਵਿਚ ਮਸੀਹ ਨੇ ਘੱਟ ਤੋਂ ਘੱਟ ਤਿੰਨ ਅਰਥਾਂ ਵਿਚ ਚੇਲਿਆਂ ਨੂੰ ਆਪਣੇ ਵਾਪਸ ਆਉਣ ਬਾਰੇ ਦੱਸਿਆ:[22]

- ਆਪਣੇ ਜੀ ਉੱਠਣ ਬਾਰੇ, ਉਸ ਨੇ ਉੱਪਰ ਉਠਾਏ ਜਾਣ ਤੋਂ ਪਹਿਲਾਂ ਚਾਲੀ ਦਿਨਾਂ ਤਕ ਉਨ੍ਹਾਂ ਦੇ ਨਾਲ ਰਹਿਣਾ ਸੀ। ਇਹ ਤੱਥ ਯੂਹੰਨਾ16:16–22 ਵਿਚ ਮੁਖ ਲੱਗਦਾ ਹੈ।[23]
- ਆਪਣੇ ਜੀ ਉੱਠਣ ਤੋਂ ਬਾਅਦ, ਉਸ ਨੇ ਰੂਹਾਨੀ ਤੌਰ ਤੇ ਆਪਣੇ ਚੇਲਿਆਂ ਦੇ ਨਾਲ ਹੋਣਾ ਸੀ (ਮੱਤੀ 18:20; 28:20)। ਯਿਸੂ ਨੇ ਇਸ ਸਚਿਆਈ ਨੂੰ ਆਤਮਾ ਦੇ ਆਉਣ ਨਾਲ ਜੋੜ ਦਿੱਤਾ (ਯੂਹੰਨਾ 14:18, 23)। ਪਵਿੱਤਰ ਆਤਮਾ ਨੂੰ ''ਮਸੀਹ ਦੀ ਆਤਮਾ'' ਵੀ ਕਿਹਾ ਗਿਆ (ਰੋਮੀਆਂ 8:9; ਫ਼ਿਲਿੱਪੀਆਂ 1:19; 1 ਪਤਰਸ 1:11)।
- ਇਕ ਦਿਨ, ਉਹ ਆਪਣੇ ਲੋਕਾਂ ਨੂੰ ਲੈਣ ਲਈ ਵਾਪਸ ਆਵੇਗਾ (ਦੂਜੀ ਆਮਦ ਤੇ)। ਇਹ ਵਾਅਦਾ ਯੂਹੰਨਾ 14:3 ਵਿਚ ਯਿਸੂ ਦੇ ਮਨ ਵਿਚ ਸਭ ਤੋਂ ਪਹਿਲਾਂ ਸੀ।

## ਖਾਸ ਹਦਾਇਤ

ਆਸਟ੍ਰੇਲੀਆ ਤੋਂ ਜਾਣ ਲਈ ਤਿਆਰ ਹੋ ਕੇ ਮੈਂ ਦੁਆ ਨਾਲ ਇਸ ਸਵਾਲ ਤੇ ਵਿਚਾਰ ਕੀਤਾ: ''ਮੈਂ ਆਪਣੇ ਭਰਾਵਾਂ ਅਤੇ ਭੈਣਾਂ ਲਈ ਕੀ ਹਦਾਇਤ ਛੱਡ ਕੇ ਜਾਵਾਂ?'' ਪਤਾ ਨਹੀਂ ਕਿ ਯਿਸੂ ਨੂੰ ਯਾਦ ਹੋਵੇ ਜਾਂ ਨਹੀਂ ਕਿ ਮੈਂ ਕੀ ਕਿਹਾ ਸੀ, ਪਰ ਮੈਂ ਅਰਥ ਭਰੇ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਸੀ। ਯਿਸੂ ਆਪਣੀ ਮੌਤ ਤੋਂ ਪਹਿਲਾਂ ਦੀ ਇਸ ਰਾਤ ਆਪਣੇ ਚੇਲਿਆਂ ਨੂੰ ਕਈ ਸਚਿਆਈਆਂ ਦੱਸਣਾ ਚਾਹੁੰਦਾ ਸੀ। ਉਸ ਦੀਆਂ ਜ਼ਿਆਦਾਤਰ ਗੱਲਾਂ ਦੋ ਹਿੱਸਿਆਂ ਵਿਚ ਵੰਡੀਆਂ ਜਾ ਸਕਦੀਆਂ ਹਨ। ਉਸ ਦੇ ਕਹਿਣ ਦਾ ਕੀ ਮਕਸਦ ਸੀ:

(1) *''ਤੁਹਾਨੂੰ ਮੇਰੇ ਨਾਲ ਇਕ ਸਹੀ ਸਬੰਧ ਬਣਾ ਕੇ ਰੱਖਣਾ ਪਵੇਗਾ।''* ਯੂਹੰਨਾ 15 ਅਧਿਆਇ ਦੀ ਸ਼ੁਰੂਆਤ ਅਤੇ ਟਹਿਣੀਆਂ ਦੇ ਰੂਪਕ ਤੋਂ ਹੁੰਦੀ ਹੈ।[24] ਮਸੀਹ ਨੇ ਆਪਣੇ ਚੇਲਿਆਂ ਨੂੰ ਦੱਸਿਆ ਕਿ ''ਮੈਂ ਬੇਲ ਹਾਂ,[25] ਤੁਸੀਂ ਟਹਿਣੀਆਂ ਹੋ। ਜੋ ਮੇਰੇ ਵਿਚ ਰਹਿੰਦਾ ਹੈ ਅਤੇ ਮੈਂ ਉਸ ਵਿਚ ਸੋਈ ਬਹੁਤ ਫਲ ਦਿੰਦਾ ਹੈ ਕਿਉਂ ਜੋ ਮੈਥੋਂ ਵੱਖਰੇ ਹੋ ਕੇ ਤੁਸੀਂ ਕੁਝ ਨਹੀਂ ਕਰ ਸਕਦੇ'' (ਆਇਤ 5)। ਜਿਵੇਂ ਟਹਿਣੀਆਂ ਵਿਚ ਵੇਲ ਤੋਂ ਜੀਵਨਦਾਇਕ ਚੀਜ਼ਾਂ ਨਿਕਲਦੀਆਂ ਹਨ, ਉਸੇ ਤਰ੍ਹਾਂ ਸਾਨੂੰ ਰੂਹਾਨੀ ਜੀਵਨ ਪ੍ਰਭੂ ਵਿਚ ਬਣੇ ਰਹਿਣ ਤੋਂ ਮਿਲਦਾ ਹੈ। ਆਪਣੇ ਮਨ ਵਿਚ ਯਿਸੂ ਦੇ ਸਬਕ ਰੇਖਾਂਕਿਤ ਕਰ ਲਓ: ''ਮੈਥੋਂ ਵੱਖਰੇ ਹੋ ਕੇ ਤੁਸੀਂ ਕੁਝ ਨਹੀਂ ਕਰ ਸਕਦੇ।'' ਮਸੀਹ ਤੋਂ ਵੱਖ ਹੋ ਕੇ, ਅਸੀਂ *ਕੁਝ* ਨਹੀਂ ਕਰ ਸਕਦੇ, ਉਸ ਤੋਂ ਵੱਖ ਹੋ ਕੇ, ਅਸੀਂ ਥੋੜਾ ਜਿਹਾ ਵੀ ਨਹੀਂ ਕਰ ਸਕਦੇ। ਸਾਡਾ ਉਸ ਦੇ ਨਾਲ ਬਣੇ ਰਹਿਣਾ ਜ਼ਰੂਰੀ ਹੈ। ਮਸੀਹ ਨੂੰ ਪਤਾ ਸੀ ਕਿ ਉਸ ਦੇ ਚੇਲੇ ਕਿੰਨੀ ਅਸਾਨੀ ਨਾਲ ਖਿੰਡ ਸਕਦੇ ਹਨ (16:32; ਵੇਖੋ ਮੱਤੀ 26:31)। ਉਸ ਨੇ ਉਨ੍ਹਾਂ ਨੂੰ ਉਸ ਵਿਚ ਅਤੇ ਉਸ ਦੇ ਪਿਆਰ ਵਿਚ ਬਣੇ ਰਹਿਣ ਲਈ ਕਿਹਾ (ਯੂਹੰਨਾ 15:4–7, 9, 10)। ਸਾਡੇ ਬਾਈਬਲ ਪਾਠ ਵਿਚ, ਉਸ ਨੇ ਆਪਣੇ ਨਾਲ ਸਹੀ ਸਬੰਧ ਬਣਾਈ ਰੱਖਣ ਤੇ ਦੋ ਵਿਵਹਾਰਿਕ ਸੁਝਾਅ ਦਿੱਤੇ।

ਉਸ ਨੇ ਸੰਕੇਤ ਦਿੱਤਾ ਕਿ ਸਾਡਾ *ਆਪਣੇ ਵਿਸ਼ਵਾਸ ਨੂੰ ਮਜ਼ਬੂਤ ਕਰਨਾ* ਜਰੂਰੀ ਹੈ। ਯੂਹੰਨਾ 14 ਦੀ ਸ਼ੁਰੂਆਤ ਵਿਸ਼ਵਾਸ ਤੇ ਜ਼ੋਰ ਦੇਣ ਨਾਲ ਹੁੰਦੀ ਹੈ: ''... ਪਰਮੇਸ਼ੁਰ ਉੱਤੇ ਨਿਹਚਾ ਕਰੋ ਅਰ ਮੇਰੇ ਉੱਤੇ ਵੀ ਨਿਹਚਾ ਕਰੋ'' (ਆਇਤ 1)।[26] ਥੋੜਾ ਬਾਅਦ ਵਿਚ, ਯਿਸੂ ਨੇ ਕਿਹਾ, ''ਰਾਹ ਅਤੇ ਸਚਿਆਈ ਅਤੇ ਜੀਉਣ ਮੈਂ ਹਾਂ। ਕੋਈ ਮੇਰੇ ਵਸੀਲੇ ਬਿਨਾਂ ਪਿਤਾ ਦੇ ਕੋਲ ਨਹੀਂ ਆਉਂਦਾ'' (14:6) ਫਿਰ ਉਸ ਨੇ ਇਹ ਦਾਅਵਾ ਕੀਤਾ, ''ਜਿਨ ਮੈਨੂੰ ਵੇਖਿਆ ਓਨ ਪਿਤਾ ਨੂੰ ਵੇਖਿਆ ਹੈ'' (14:9)। ਕੀ ਅਸੀਂ ਇਨ੍ਹਾਂ ਮਹਾਨ ਸਚਿਆਈਆਂ ਤੇ ਵਿਸ਼ਵਾਸ ਕਰਦੇ ਹਾਂ? ਜੇ ਅਸੀਂ ਪ੍ਰਭੂ ਦੇ ਨਾਲ ਸਹੀ ਸਬੰਧ ਬਣਾਈ ਰੱਖਦੇ ਹਾਂ, ਤਾਂ ਪੱਕੇ ਵਿਸ਼ਵਾਸ ਦਾ ਕੋਈ ਬਦਲ ਨਹੀਂ ਹੈ।[27]

ਉਸ ਨੇ ਇਹ ਵੀ ਕਿਹਾ ਕਿ ਉਸ ਦੇ ਪਿੱਛੇ ਚੱਲਣ ਵਾਲਿਆਂ ਕੋਲ *ਉਸ ਦੇ ਵਚਨ ਦਾ ਭੰਡਾਰ* ਹੋਣਾ ਚਾਹੀਦਾ ਹੈ। ਮਸੀਹ ਵਿਚ ਵਿਸ਼ਵਾਸ ਨੂੰ ਉਸ ਦੇ ਵਚਨ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਵਿਸ਼ਵਾਸ ਉਸੇ ਵਚਨ ਤੋਂ ਆਉਂਦਾ ਹੈ (17:20; ਵੇਖੋ ਰੋਮੀਆਂ 10:17)। ਯਿਸੂ ਨੇ ਗਿਆਨ ਦੇ ਮਹੱਤਵ ਅਤੇ ਵਚਨ ਦੀ ਗੱਲ ਮੰਨਣ ਤੇ ਜ਼ੋਰ ਦਿੱਤਾ। ਉਸ ਨੇ ਆਪਣੇ ਚੇਲਿਆਂ ਨੂੰ ਦੱਸਿਆ, ''ਜੇ ... ਮੇਰੀਆਂ ਗੱਲਾਂ ਤੁਹਾਡੇ ਵਿਚ ਰਹਿਣ ਤਾਂ ਜੋ ਚਾਹੋ ਮੰਗੋ ਅਤੇ ਉਹ ਤੁਹਾਡੇ ਲਈ ਹੋ ਜਾਵੇਗਾ'' (15:7)। ਫਿਰ ਉਸ ਨੇ ਕਿਹਾ, ''ਜੇ ਕੋਈ ਮੈਨੂੰ ਪਿਆਰ ਕਰਦਾ ਹੈ ਉਹ ਮੇਰੇ ਵਚਨ ਦੀ ਪਾਲਨਾ ਕਰੇਗਾ'' (14:23; ਵੀ ਵੇਖੋ 14:15, 24; 15:10, 14)। ਉਸ ਨੇ ਸਾਫ਼ ਹਦਾਇਤ ਦਿੱਤੀ ਕਿ ਉਸ ਦੇ ਮਗਰ ਚੱਲਣ ਵਾਲਿਆਂ ਨੂੰ ਕੀ ਕਰਨਾ ਚਾਹੀਦਾ ਹੈ। ਉਦਾਹਰਣ ਲਈ ਸਾਡੀ ਜ਼ਿੰਦਗੀ ਦਾ ਫਲਦਾਇਕ ਹੋਣਾ (15:8, 16)[28] ਅਤੇ ਆਪਣੇ ਵਿਸ਼ਵਾਸ ਨੂੰ ਦੂਜਿਆਂ ਨੂੰ ਦੱਸਣਾ ਜ਼ਰੂਰੀ ਹੈ।[29]

(2) *''ਇਕ ਦੂਜੇ ਨਾਲ ਸਹੀ ਸਬੰਧ ਬਣਾਈ ਰੱਖਣਾ ਜ਼ਰੂਰੀ ਹੈ।''* ਪ੍ਰਭੂ ਦੇ ਨਾਲ ਸਹੀ ਸਬੰਧ ਬਣਾਈ ਰੱਖਣ ਲਈ, ਸਾਡਾ ਇਕ ਦੂਜੇ ਨਾਲ ਵੀ ਸਹੀ ਸਬੰਧ ਬਣਾਈ ਰੱਖਣਾ ਜ਼ਰੂਰੀ ਹੈ

(ਵੇਖੋ 1 ਯੂਹੰਨਾ 4:20)। ਚੇਲੇ ਵੰਡ ਗਏ ਸਨ (ਲੂਕਾ 22:24); ਬੁਰਿਆਈ ਦਾ ਮੁਕਾਬਲਾ ਉਹ ਸਿਰਫ਼ ਇਕਜੁਟ ਰਹਿ ਕੇ ਕਰ ਸਕਦੇ ਸਨ (17:11; ਵੀ ਵੇਖੋ 17:20–23)।

ਏਕਤਾ ਦੀ ਕੁੰਜੀ *ਪਿਆਰ* ਹੈ। ਯਿਸੂ ਨੇ ਆਪਣੇ ਆਖ਼ਰੀ ਉਪਦੇਸ਼ ਵਿਚ ਪਿਆਰ ਬਾਰੇ ਬਹੁਤ ਕੁਝ ਕਹਿਣਾ ਸੀ; ਖ਼ੁਦਾ ਨੇ ਉਸ ਨਾਲ ਪਿਆਰ ਕੀਤਾ (15:9), ਉਸ ਨੇ ਖ਼ੁਦਾ ਨਾਲ ਪਿਆਰ ਕੀਤਾ (14:31), ਯਿਸੂ ਨੇ ਚੇਲਿਆਂ ਨਾਲ ਪਿਆਰ ਕੀਤਾ (15:9, 12), ਉਨ੍ਹਾਂ ਨੂੰ ਉਸ ਨੇ ਪਿਆਰ ਕੀਤਾ ਸੀ (14:15, 21, 23, 28)। ਉਨ੍ਹਾਂ ਨੇ ਇਕ ਦੂਜੇ ਨਾਲ ਪਿਆਰ ਕਰਨਾ ਸੀ। ਉਸ ਨੇ ਉਨ੍ਹਾਂ ਨੂੰ ਪਹਿਲਾਂ ਹੀ ਇਕ ਦੂਜੇ ਨਾਲ ਪਿਆਰ ਕਰਨ ਦੀ ਚੁਣੌਤੀ ਦਿੱਤੀ ਸੀ, ਜਿਵੇਂ ਕਿ ਉਸ ਨੇ ਉਨ੍ਹਾਂ ਨਾਲ ਪਿਆਰ ਕੀਤਾ ਸੀ (13:34)। ਹੁਣ ਉਸ ਨੇ ਦੁਹਰਾਇਆ, ''ਮੇਰਾ ਹੁਕਮ ਇਹ ਹੈ ਭਈ ਤੁਸੀਂ ਇਕ ਦੂਜੇ ਨਾਲ ਪਿਆਰ ਕਰੋ ਜਿਵੇਂ ਮੈਂ ਤੁਹਾਡੇ ਨਾਲ ਪਿਆਰ ਕੀਤਾ'' (15:12; 15:17 ਵੀ ਵੇਖੋ)। ਉਸ ਦੇ ਵਾਂਗ ਪਿਆਰ ਕਰਨ ਦੇ ਅਰਥ ਵਿਚ ਕਿਸੇ ਤਰ੍ਹਾਂ ਦੀ ਨਾਸਮਝੀ ਤੋਂ ਬਚਣ ਲਈ ਉਸ ਨੇ ਕਿਹਾ, ''ਏਦੋਂ ਵੱਧ ਪਿਆਰ ਕਿਸੇ ਦਾ ਨਹੀਂ ਹੁੰਦਾ ਜੋ ਆਪਣੀ ਜਾਨ ਆਪਣੇ ਮਿੱਤਰਾਂ ਦੇ ਬਦਲੇ ਦੇ ਦੇਵੇ''[30] (15:13)। ਥੋੜੀ ਦੇਰ ਬਾਅਦ ਹੀ ਉਸ ਨੇ ਸਲੀਬ ਤੇ ਉਨ੍ਹਾਂ ਲਈ ਆਪਣੀ ਜਾਨ ਦੇ ਦੇਣੀ ਸੀ!

## ਗੰਭੀਰ ਚਿਤਾਵਨੀਆਂ

ਆਸਟ੍ਰੇਲੀਆ ਤੋਂ ਸਾਡੇ ਜਾਣ ਦਾ ਸਮਾਂ ਨੇੜੇ ਆਉਣ ਤੇ, ਮੈਂ ਆਪਣੇ ਜਾਣ ਤੋਂ ਬਾਅਦ ਕਿਸੇ ਤਰ੍ਹਾਂ ਦੀ ਸੰਭਾਵਿਤ ਬੁਰਾਈ ਤੇ ਵਿਚਾਰ ਕਰਨ ਦੀ ਕੋਸ਼ਿਸ਼ ਕੀਤੀ। ਮੈਂ ਭਵਿੱਖ ਨੂੰ ਨਹੀਂ ਜਾਣ ਸਕਿਆ, ਇਸ ਲਈ ਬਾਅਦ ਵਿਚ ਇਹੋ ਜਿਹੀਆਂ ਮੁਸ਼ਕਿਲਾਂ ਖੜੀਆਂ ਹੋਈਆਂ, ਜਿਨ੍ਹਾਂ ਤੇ ਅਸੀਂ ਪਹਿਲਾਂ ਵਿਚਾਰ ਨਹੀਂ ਕੀਤਾ ਸੀ, ਪਰ ਘੱਟ ਤੋਂ ਘੱਟ ਮੈਂ ਮੰਡਲੀ ਨੂੰ ਤਿਆਰ ਕਰਨ ਦੀ ਕੋਸ਼ਿਸ਼ ਜ਼ਰੂਰ ਕੀਤੀ। ਯਿਸੂ ਭਵਿੱਖ ਵਿਚ ਵੇਖ *ਸਕਦਾ* ਸੀ, ਇਸ ਲਈ ਉਸ ਨੇ ਆਪਣੇ ਚੇਲਿਆਂ ਨੂੰ ਸਾਫ਼ ਚਿਤਾਵਨੀਆਂ ਦਿੱਤੀਆਂ। ਉਸ ਨੇ ਉਸ ਸਤਾਅ ਵੱਲ ਖ਼ਾਸ ਧਿਆਨ ਦਿੱਤਾ ਸੀ, ਜੋ ਉਸ ਦੇ ਪਿੱਛੇ ਚੱਲਣ ਵਾਲਿਆਂ ਤੇ ਆਉਣ ਵਾਲਾ ਸੀ। ਹੁਣ ਤਕ ਸੰਸਾਰ ਦਾ ਵੈਰ ਉਸੇ ਤੇ ਹੀ ਕੇਂਦਰਿਤ ਸੀ (15:18, 24); ਪਰ ਉਸ ਦੇ ਜਾਣ ਤੋਂ ਬਾਅਦ ਇਹ ਵੈਰ ਉਸਦੇ ਚੇਲਿਆਂ ਨਾਲ ਕੀਤਾ ਜਾਣਾ ਸੀ (15:20; ਵੇਖੋ 17:14–18)। ਉਸ ਨੇ ਚੇਲਿਆਂ ਨੂੰ ਚੌਕਸ ਕੀਤਾ, ''ਉਹ ਤੁਹਾਨੂੰ ਸਮਾਜਾਂ ਵਿੱਚੋਂ ਛੇਕ ਦੇਣਗੇ ਸਗੋਂ ਉਹ ਸਮਾਂ ਆਉਂਦਾ ਹੈ ਕਿ ਹਰੇਕ ਜੋ ਤੁਹਾਨੂੰ ਮਾਰ ਦੇਵੇ ਸੋ ਇਹ ਸਮਝੇਗਾ ਭਈ ਮੈਂ ਪਰਮੇਸ਼ੁਰ ਦੀ ਸੇਵਾ ਕਰਦਾ ਹਾਂ''[31] (16:2)। ਇਹ ਸਭ ਉਸ ਨੇ ਉਨ੍ਹਾਂ ਨੂੰ ਅਜ਼ਮਾਇਸ਼ਾਂ ਦੇ ਆਉਣ ਤੇ ''ਠੋਕਰ ਖਾਣ ਤੋਂ'' ਬਚਣ ਲਈ ਪਹਿਲਾਂ ਦੱਸ ਦਿੱਤਾ (16:1; ਵੇਖੋ ਆਇਤ 4)। ਉਸ ਨੇ ਹਿੰਮਤ ਰੱਖਣ ਲਈ ਇਹ ਗੱਲ ਵੀ ਕਹੀ: ''ਜਗਤ ਵਿਚ ਤੁਹਾਨੂੰ ਕਸ਼ਟ ਹੈ ਪਰ ਹੌਸਲਾ ਰੱਖੋ, ਮੈਂ ਜਗਤ ਨੂੰ ਜਿੱਤ ਲਿਆ ਹੈ'' (16:33)।

## ਨਿਸੁਆਰਥ ਬੇਨਤੀ

ਆਸਟ੍ਰੇਲੀਆ ਵਿਚ ਆਪਣੀਆਂ ਆਖ਼ਰੀ ਘੜੀਆਂ ਵਿਚ ਅਸੀਂ ਦੁਆ ਕੀਤੀ ਕਿ ਖ਼ੁਦਾ ਸਾਡੇ ਭਰਾਵਾਂ ਅਤੇ ਭੈਣਾਂ ਦੇ ਨਾਲ ਰਹੇ। ਅੱਜ ਵੀ ''ਰੱਬ ਨਾਲ ਹੋਵੇ, ਜਦੋਂ ਅਸੀਂ ਜੁਦਾ ਹੋਈਏ''[32] ਗੀਤ ਗਾਉਂਦੇ ਸਮੇਂ ਮੇਰੀ ਪਤਨੀ ਦੀਆਂ ਅੱਖਾਂ ਵਿੱਚੋਂ ਹੰਝੂ ਨਿਕਲਣ ਲੱਗਦੇ ਹਨ। ਯਿਸੂ ਨੇ ਚੇਲਿਆਂ ਨਾਲ ਆਪਣੀ ਇਸ ਬੈਠਕ ਨੂੰ ਯੂਹੰਨਾ 17 ਵਿਚ ਮਿਲਣ ਵਾਲੀ, ਮਨ ਨੂੰ ਛੂਹ ਲੈਣ ਵਾਲੀ ਦੁਆ ਨਾਲ ਖ਼ਤਮ ਕੀਤਾ। ਰੌਬਰਟ ਕਲਵਰ ਨੇ ਇਸ ਦੁਆ ਨੂੰ ''ਮਨੁੱਖੀ ਇਤਹਾਸ ਵਿਚ ਸੁਰਗ ਦੇ ਨਾਲ ਧਰਤੀ ਦਾ ਸਭ ਤੋਂ ਨੇੜਲਾ ਸਬੰਧ'' ਕਿਹਾ ਹੈ।[33] ਵਾਰੇਨ ਵਿਅਰਸਬੇ ਨੇ ਲਿਖਿਆ ਹੈ, ''ਯੂਹੰਨਾ 17 ...

ਇੰਜੀਲ ਦੀ ਕਿਤਾਬ ਦੀ ''ਸਭ ਤੋਂ ਪਵਿੱਤਰ ਥਾਂ ਹੈ। ... ਪਾਪੀਆਂ ਲਈ ਛੁਟਕਾਰੇ ਦੇ ਰੂਪ ਵਿਚ ਆਪਣੀ ਜਾਨ ਦਿੰਦੇ ਹੋਏ ਪਰਮੇਸ਼ੁਰ ਪੁੱਤਰ ਦੇ ਆਪਣੇ ਪਿਤਾ ਨਾਲ ਗੱਲ ਕਰਦਿਆਂ ਸੁਣਨ ਦੀ ਸਾਨੂੰ ਖ਼ਾਸ ਬਰਕਤ ਮਿਲੀ ਹੈ।''[34]

ਯੂਹੰਨਾ 17 ਅਧਿਆਇ ਦੀ ਦੁਆ ਤਿੰਨ ਭਾਗਾਂ ਵਿਚ ਹੈ। ਪਹਿਲਾਂ, ਯਿਸੂ ਨੇ ਆਪਣੇ ਪਿਤਾ ਦੇ ਨਾਲ ਸਬੰਧ ਬਾਰੇ ਦੁਆ ਕੀਤੀ (ਆਇਤਾਂ 1–5)। ਆਪਣੇ ਲਈ ਉਸ ਨੇ ਸਿਰਫ਼ ਇਹੋ ਮੰਗਿਆ ਕਿ ਉਸ ਨੂੰ ਵਡਿਆਈ ਮਿਲੇ (ਆਇਤਾਂ 1, 5; ਵੇਖੋ ਆਇਤਾਂ 24; 12:23, 24, 27, 28)। ਦੁਆ, ਮਸੀਹ ਨੇ ਚੇਲਿਆਂ ਦੇ ਲਈ ਦੁਆ ਕੀਤੀ (17:6–19; ਆਇਤਾਂ 24–26 ਵੀ ਵੇਖੋ )। ਉਸ ਨੇ ਉਨ੍ਹਾਂ ਦੀ ਰੱਛਿਆ ਕੀਤੀ (ਆਇਤਾਂ 11, 15), ਉਨ੍ਹਾਂ ਨੂੰ ਪਵਿੱਤਰ ਕਰਨ (ਆਇਤ 19), ਅਤੇ ਉਨ੍ਹਾਂ ਨਾਲ ਪਿਆਰ ਕਰਨ ਲਈ ਕਿਹਾ (ਆਇਤ 26)। ਅਖ਼ੀਰ ਵਿਚ ਯਿਸੂ ਨੇ ਉਨ੍ਹਾਂ ਦੇ ਲਈ ਦੁਆ ਕੀਤੀ, ਜਿਨ੍ਹਾਂ ਨੇ ਚੇਲਿਆਂ ਦਾ ਵਚਨ ਸੁਣ ਕੇ ਵਿਸ਼ਵਾਸ ਕਰਨਾ ਸੀ (ਆਇਤਾਂ 20–23)। ਦੂਜੇ ਸ਼ਬਦਾਂ ਵਿਚ, ਉਸ ਨੇ ਤੁਹਾਡੇ ਅਤੇ ਮੇਰੇ ਲਈ ਦੁਆ ਕੀਤੀ। ਕਿੰਨਾ ਔਖਾ ਵਿਚਾਰ ਹੈ। ਉਸ ਨੇ ਦੁਆ ਕੀਤੀ ਕਿ ਵਿਸ਼ਵਾਸ ਕਰਨ ਵਾਲੇ ''ਇਕ ਹੋਣ'' ਤਾਂ ਜੋ ਸੰਸਾਰ ਉਸ ਨੂੰ ਕਬੂਲ ਕਰ ਸਕੇ (ਆਇਤਾਂ 21, 23)। ਦੁਨੀਆਂ ਵਿਚ ਇੰਜੀਲ ਦੇ ਪ੍ਰਚਾਰ ਲਈ ਮਸੀਹ ਨਾਲ ਸਬੰਧ ਰੱਖਣ ਦਾ ਦਾਅਵਾ ਕਰਨ ਵਾਲਿਆਂ ਵਿਚ ਫੁੱਟ ਪੈਣ ਤੋਂ ਵੱਡੀ ਰੁਕਾਵਟ ਹੋਰ ਕੋਈ ਨਹੀਂ ਹੈ।

## ਸਾਰ

ਯਿਸੂ ਦੀਆਂ ''ਆਖ਼ਰੀ ਤਿਆਰੀਆਂ'' ਦੇ ਹੋਰ ਪਹਿਲੂਆਂ ਦੀ ਗੱਲ ਕੀਤੀ ਜਾ ਸਕਦੀ ਹੈ। ਉਦਾਹਰਣ ਲਈ, ਆਸਟ੍ਰੇਲੀਆ ਤੋਂ ਜਾਣ ਦੀ ਤਿਆਰੀ ਕਰਦੇ ਹੋਏ ਸਾਡੇ ਪਰਿਵਾਰ ਦੇ ਲੋਕਾਂ ਅਤੇ ਦੋਸਤਾਂ ਨੇ ਫੋਟੋਆਂ ਅਤੇ ਹੋਰ ਯਾਦਗੀਰੀ ਤੋਹਫ਼ੇ ਇਕ ਦੂਜੇ ਨੂੰ ਦਿੱਤੇ, ਤਾਂ ਕਿ ਅਸੀਂ ਇਕ ਦੂਜੇ ਨੂੰ ਭੁੱਲ ਨਾ ਜਾਈਏ। ਮਸੀਹ ਨੇ ਪ੍ਰਭੂ ਭੋਜ ਦੀ ਸਥਾਪਨਾ ਕਰਕੇ ਕੁਝ ਇਸ ਤਰ੍ਹਾਂ ਹੀ ਕੀਤਾ (ਲੂਕਾ 22:19; 1 ਕੁਰਿੰਥੀਆਂ 11:24, 25)।

## ਨੋਟਸ

ਯੂਹੰਨਾ 14–17 ਨੂੰ ਸਮਝਣ ਦਾ ਇਕ ਹੋਰ ਤਰੀਕਾ ਪਿਆਰ, ਆਗਿਆਕਾਰਿਤਾ, ਫਲ ਲਿਆਉਣਾ, ਪਵਿੱਤਰ ਆਤਮਾ ਅਤੇ ਸੰਸਾਰ ਨਾਲ ਸਾਡੇ ਸਬੰਧ, ਜਿਵੇਂ ਵੱਖ ਵੱਖ ਵਿਸ਼ਿਆਂ ਤੇ ਇਨ੍ਹਾਂ ਆਇਤਾਂ ਨੂੰ ਵੰਡਣਾ ਹੋਵੇਗਾ। ਇਕ ਸੰਭਾਵਿਤ ਸਿਰਲੇਖ ''ਉੱਪਰਲੇ ਕਮਰੇ ਦਾ ਸੰਦੇਸ਼'' ਹੋ ਸਕਦਾ ਹੈ। ਇਸ ਦੀਆਂ ਮੁੱਖ ਗੱਲਾਂ ''ਪਿਆਰ ਦਾ ਸੰਦੇਸ਼,'' ''ਆਗਿਆਕਾਰੀ ਦਾ ਸੰਦੇਸ਼,'' ਅਤੇ ਇਹੋ ਜਿਹੇ ਕਈ ਸਿਰਲੇਖ ਹੋ ਸਕਦੇ ਹਨ। ਇਨ੍ਹਾਂ ਅਧਿਆਇਆਂ ਲਈ ਇਕ ਹੋਰ ਸਿਰਲੇਖ ''ਉਸ ਨੇ ਅੰਤ ਤਕ ਉਨ੍ਹਾਂ ਨਾਲ ਪਿਆਰ ਕੀਤਾ'' ਹੋ ਸਕਦਾ ਹੈ (ਵੇਖੋ ਯੂਹੰਨਾ 13:1)। NIV ਵਿਚ ਕਿਹਾ ਗਿਆ ਹੈ, ''ਉਸ ਨੇ ਉਨ੍ਹਾਂ ਨੂੰ ਆਪਣੇ ਪਿਆਰ ਦੀ ਪੂਰੀ ਭਰਪੂਰੀ ਵਿਖਾ ਦਿੱਤੀ।'' ਜੇ ਇਸ ਤਰੀਕੇ ਦੀ ਵਰਤੋਂ ਕੀਤੀ ਜਾਵੇ, ਤਾਂ ਉਨ੍ਹਾਂ ਕੀਮਤੀ ਪਲਾਂ ਵਿਚ ਯਿਸੂ ਦੇ ਕੰਮ ਆਪਣੇ ਚੇਲਿਆਂ ਲਈ ਉਸ ਦੇ ਪਿਆਰ ਨੂੰ ਵਿਖਾਉਣ ਲਈ ਵਰਤੋ। ਤੁਸੀਂ ''ਤੁਹਾਡਾ ਦਿਲ ਨਾ ਘਬਰਾਵੇ'' (14:1) ਅਧਿਆਇ ਵਿਚ ਦਿੱਤੀ ਗਈ ਤਸੱਲੀ ਤੇ ਆਇਤਾਂ ਨੂੰ ਵਿਖਾਉਂਦੇ ਹੋਏ ਪ੍ਰਚਾਰ ਕਰ ਸਕਦੇ ਹੋ।

ਯੂਹੰਨਾ 14–17 ਦੇ ਪ੍ਰਚਾਰ ਦੀਆਂ ਸੰਭਾਵਨਾਵਾਂ ਲਗਭਗ ਅਸੀਮਿਤ ਹਨ। ਤੁਸੀਂ ਯੂਹੰਨਾ 14:1–6, 15:1–11 ਅਤੇ 17:1–26 ਵਰਗੇ ਹਵਾਲਿਆਂ ਚੋਂ ਪ੍ਰਚਾਰ ਕਰ ਸਕਦੇ ਹੋ। ਤੁਸੀਂ ਯੂਹੰਨਾ 14:6 ਅਤੇ 16:8 ਵਰਗੀਆਂ ਨਿੱਜੀ ਆਇਤਾਂ ਤੇ ਵੀ ਪ੍ਰਚਾਰ ਕਰ ਸਕਦੇ ਹੋ। ਸੰਪੂਰਣ ਅਧਿਆਇ ਪਵਿੱਤਰ ਆਤਮਾ ਦੀ ਪੇਸ਼ਕਾਰੀ ਦੇ ਰੂਪ ਵਿਚ, ਵਿਸ਼ੇਵਾਰ ਸਰਮਨਾਂ ਲਈ ਉਛਾਲ ਤਖ਼ਤਾ

ਜਾਂ ਸਪ੍ਰਿੰਗ ਬੋਰਡ ਦਿੰਦੇ ਹਨ।

---

ਟਿੱਪਣੀਆਂ

[1]ਤੁਸੀਂ ਇੱਥੇ ਨਿੱਜੀ ਉਦਾਹਰਨ ਦਿਓ। ਸ਼ਾਇਦ ਤੁਸੀਂ ਦੂਜੀ ਥਾਂ ਜਾਣ ਲਈ ਕੀਤੇ ਜਾਣ ਵਾਲੇ ਇੰਤਜ਼ਾਮਾਂ ਬਾਰੇ ਸੋਚ ਸਕਦੇ ਹੋ। ਇਕ ਹੋਰ ਸੰਭਾਵਨਾ ਕਿਸੇ ਵੱਡੀ ਬਦਲੀ (ਟ੍ਰਾਂਸਫ਼ਰ) ਤੋਂ ਪਹਿਲਾਂ ਕੀਤੇ ਜਾਣ ਵਾਲੇ ਆਮ ਇੰਤਜ਼ਾਮਾਂ ਤੇ ਚਰਚਾ ਕਰਨਾ ਹੈ। [2]ਐਚ. ਆਈ. ਹੇਸਟਰ, *ਦ ਹਾਰਟ ਆਫ਼ ਦ ਨਿਊ ਟੈਸਟਾਮੈਂਟ* (ਲਿਬਰਟੀ, ਮਿਜ਼ੋਰੀ: ਕਵਾਲਿਟੀ ਪ੍ਰੈੱਸ, 1963), 199. [3]ਜੌਨ ਫ੍ਰੈਂਕਲਿਨ ਕਾਰਟਰ, *ਏ ਲੈਮੈਨ'ਜ਼ ਹਾਰਮਨੀ ਆਫ਼ ਦ ਗੌਸਪਲਜ਼* (ਨੈਸ਼ਵਿੱਲੇ: ਬ੍ਰਾਡਮੈਨ ਪ੍ਰੈੱਸ, 1961), 292. [4]ਐਫ਼. ਲੇਗਰਡ ਸਮਿਥ, *ਦ ਨੈਰੇਟਡ ਬਾਈਬਲ ਇਨ ਕ੍ਰੋਨੋਲੀਜੀਕਲ ਆਰਡਰ* (ਯੂਜੀਨ, ਓਰੀਗਨ: ਹਾਰਵੈਸਟ ਹਾਊਸ ਪਬਲਿਸ਼ਰਜ਼, 1984), 1462. [5]''ਸ਼ਾਂਤੀ'' ਜੋ ਸੰਸਾਰ ਦਿੰਦਾ ਹੈ ਉਹ ਢੁਕਵੇਂ ਹਾਲਾਤ ਤੇ ਨਿਰਭਰ ਹੈ ਇਸ ਲਈ ਥੋੜ੍ਹੀ ਦੇਰ ਦੀ ਹੈ। ਯਿਸੂ ਦੀ ਸ਼ਾਂਤੀ ਢੁਕਵੇਂ ਹਾਲਾਤਾਂ ਤੇ ਨਿਰਭਰ ਨਹੀਂ ਹੈ ਕਿਉਂਕਿ ਇਹ ਅੰਦਰੋਂ ਆਉਂਦੀ ਹੈ ਇਸ ਲਈ ਸਦਾ ਤਕ ਰਹਿ ਸਕਦੀ ਹੈ। [6]ਅਸਲ ਵਿਚ, ਉਹ 99 ਸਾਲ ਤਕ ਜ਼ਿੰਦਾ ਰਹੀ। [7]ਇਹ ਵਾਅਦਾ ਖ਼ੁਦਾ ਦੀ ਬਰਕਤ ਪਾਉਣ ਵਾਲੀ ਜ਼ਿੰਦਗੀ ਕੱਟਣ ਦੀ ਸ਼ਰਤ ਤੇ ਹੈ (1 ਯੂਹੰਨਾ 3:22) ਅਤੇ ''ਉਹ ਦੀ ਇੱਛਿਆ ਦੇ ਅਨੁਸਾਰ'' (1 ਯੂਹੰਨਾ 5:14) ਮੰਗਣ ਤੇ ਹੈ। ''ਯਿਸੂ ਦੇ ਨਾਂਅ ਵਿਚ'' ਦੁਆ ਕਰਨ ਤੇ ਜ਼ੋਰ ਪੂਰੇ ਨਵੇਂ ਨੇਮ ਵਿਚ ਰਹਿੰਦਾ ਹੈ (ਵੇਖੋ ਅਫ਼ਸੀਆਂ 5:20; ਕੁਲੁੱਸੀਆਂ 3:17)। ਸਾਨੂੰ ਪਤਾ ਹੋਣਾ ਜ਼ਰੂਰੀ ਹੈ ਕਿ ਇਸ ਦਾ ਅਰਥ ਦੁਆ ਦੇ ਅਖ਼ੀਰ ਵਿਚ ਸਿਰਫ਼ ''ਯਿਸੂ ਦੇ ਨਾਂਅ ਵਿਚ'' ਸ਼ਬਦਾਂ ਦੀ ਵਰਤੋਂ ਹੀ ਨਹੀਂ ਹੈ। ਬਲਕਿ ਯਿਸੂ ਦੇ ਨਾਂਅ ਵਿਚ ਦੁਆ ਕਰਨ ਵਿਚ ਇਸ ਗੱਲ ਦੀ ਸਮਝ ਹੋਣਾ ਸ਼ਾਮਿਲ ਹੈ ਕਿ ਮਸੀਹ ਕੌਣ ਹੈ, ਉਹ ਕਿੱਥੇ ਹੈ ਅਤੇ ਉਹ ਸਾਡੇ ਲਈ ਕੀ ਕਰ ਸਕਦਾ ਹੈ। ਦੁਆ ਉਸ ਵਿਚ ਆਪਣਾ ਵਿਸ਼ਵਾਸ ਅਤੇ ਭਰੋਸਾ ਵਿਖਾਉਣਾ ਹੈ ਜੋ ਸਾਡੇ ਵੱਲੋਂ ਬੇਨਤੀ ਕਰਦਾ ਹੈ। [8]ਯਿਸੂ ਨੇ ਇਹ ਨਹੀਂ ਦੱਸਿਆ ਕਿ ਪਵਿੱਤਰ ਆਤਮਾ ਦੇ ਆਉਣ ਤੋਂ ਪਹਿਲਾਂ ਉਸ ਦਾ ਜਾਣਾ ਜ਼ਰੂਰੀ ਕਿਉਂ ਸੀ। ਯੂਹੰਨਾ ਦੀ ਇੰਜੀਲ ਦੇ ਵਿਰਤਾਂਤ ਵਿਚ ਪਹਿਲਾਂ ਇਸ ਰਸੂਲ ਨੇ ਲਿਖਿਆ ਹੈ ਕਿ ''ਆਤਮਾ ਅਜੇ ਦਿੱਤਾ ਨਾ ਗਿਆ ਸੀ ਇਸ ਲਈ ਜੋ ਯਿਸੂ ਦਾ ਤੇਜ ਅਤੇ ਪਰਕਾਸ਼ ਨਹੀਂ ਸੀ ਹੋਇਆ'' (ਯੂਹੰਨਾ 7:39)। ਕਿਸੇ ਕਾਰਣ ਆਤਮਾ ਦਿੱਤੇ ਜਾਣ ਤੋਂ ਪਹਿਲਾਂ ਯਿਸੂ ਦਾ ਮਰਨਾ, ਜੀ ਉੱਠਣਾ ਅਤੇ ਖ਼ੁਦਾ ਦੇ ਕੋਲ ਉਤਾਂਹ ਉਠਾਇਆ ਜਾਣਾ ਜ਼ਰੂਰੀ ਸੀ। ਸ਼ਾਇਦ ਅਹਿਮ ਇਹ ਹੈ ਕਿ ਆਤਮਾ ਅਜੇ ਤਕ ਆ ਕੇ ਮਸੀਹ ਦੀ ਪੂਰੀ ਇੰਜੀਲ ਪਰਗਟ ਨਹੀਂ ਕਰ ਸਕਦਾ ਸੀ ਜਦ ਤਕ ਉਸ ਦੀ ਮੌਤ, ਦਫ਼ਨਾਏ ਜਾਣਾ ਅਤੇ ਜੀ ਉੱਠਣਾ (ਇੰਜੀਲ ਦੀਆਂ ਮੁੱਖ ਗੱਲਾਂ; 1 ਕੁਰਿੰਥੀਆਂ 15:1–4) ਨਾ ਹੋ ਜਾਣ। [9]ਆਖ਼ਰ, ''ਨੌਕਰ ਆਪਣੇ ਮਾਲਕ ਨਾਲੋਂ ਵੱਡਾ ਨਹੀਂ'' (ਯੂਹੰਨਾ 13:16)। [10]ਬਹੁਤ ਸਾਰੇ ਲੇਖਕਾਂ ਦਾ ਮੰਨਣਾ ਹੈ ਕਿ ''ਵੱਡੇ ਕੰਮ'' ਇੰਜੀਲ ਦਾ ਪ੍ਰਚਾਰ ਅਤੇ ਹਜ਼ਾਰਾਂ ਲੋਕਾਂ ਦੀ ਮਨਬਦਲੀ ਹਨ। ਸੰਦਰਭ ਵਿਚ, ''ਕੰਮ'' ਸ਼ਬਦ ਦਾ ਸਭ ਤੋਂ ਸੁਭਾਵਕ ਅਰਥ ''ਚਮਤਕਾਰ'' ਹੈ, ਪਰ ਯਿਸੂ ਨੇ ਇਹ ਸੰਕੇਤ ਦਿੰਦੇ ਹੋਏ ਕਿ ''ਮੈਂ ਵੱਡੇ ਵੱਡੇ ਕੰਮ *[ਚਮਤਕਾਰ]* ਕੀਤੇ ਹਨ, ਪਰ ਜਦੋਂ ਤੁਸੀਂ ਰੂਹਾਂ ਨੂੰ ਬਦਲੋਗੇ, ਤਾਂ ਉਹ ਉਨ੍ਹਾਂ ਸਭ ਚਮਤਕਾਰਾਂ ਨਾਲੋਂ ਜੋ ਮੈਂ ਕੀਤੇ ਹਨ, ਵੱਡਾ *[ਵੱਧ ਅਹਿਮ]* ਕੰਮ ਹੋਵੇਗਾ'' ਸ਼ਬਦਾਂ ਦਾ ਖੇਡ ਵਰਤਿਆ।

[11]ਪਵਿੱਤਰ ਆਤਮਾ ਨੇ ਰਸੂਲਾਂ ਦੇ ਨਾਲ ਜ਼ਿੰਦਗੀ ਭਰ ਰਹਿਣਾ ਸੀ, ਅਤੇ ਉਹ ਮਸੀਹੀ ਲੋਕਾਂ ਦੇ ਨਾਲ ਸੰਸਾਰ ਦੇ ਅੰਤ ਤਕ ਰਹੇਗਾ। [12]ਯੂਨਾਨੀ ਸ਼ਬਦ ਦਾ ਅਨੁਵਾਦ ''ਪਰਮੇਸ਼ੁਰਤਾਈ'' ਖ਼ੁਦਾ ਹੋਣ ਦੀ ਹਾਲਤ ਜਾਂ ਗੁਣਾਂ ਲਈ ਹੈ। NASB ਵਿਚ ਇਸ ਦਾ ਅਨੁਵਾਦ ''ਖ਼ੁਦਾਈ ਸੁਭਾਅ'' ਜਾਂ ''Deity'' ਦੇ ਰੂਪ ਵਿਚ ਕੀਤਾ ਗਿਆ ਹੈ। [13]''ਤ੍ਰੀਏਕਤਾ'' ਜਾਂ ਤਸਲੀਸ ਲਈ ਵਰਤਿਆ ਜਾਣ ਵਾਲਾ ''Trinity'' ਇਕ ਲਾਤੀਨੀ ਸ਼ਬਦ ਹੈ, ਜਿਸਦਾ ਅਰਥ ਹੈ, ''ਤਿੰਨ ਵਿਚ ਇਕ।'' ਇਹ ਸ਼ਬਦ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਕਹਿਣ ਦਾ ਅਸਾਨ ਢੰਗ ਹੈ। [14]ਇਸ ਸ਼ਬਦ ਦੀ ਵਰਤੋਂ ਕਰਨ ਵਾਲਾ ਯੂਹੰਨਾ ਨਵੇਂ ਨੇਮ ਦਾ ਇਕੱਲਾ ਲੇਖਕ ਸੀ। ਉਸ ਨੇ

ਪਵਿੱਤਰ ਆਤਮਾ ਲਈ ਯੂਹੰਨਾ 14–16 ਵਿਚ (14:16, 26; 15:26; 16:7) ਵਿਚ ਅਤੇ 1 ਯੂਹੰਨਾ ਵਿਚ ਯਿਸੂ ਲਈ (1 ਯੂਹੰਨਾ 2:1) ਵਰਤਿਆ। [15]ਇੱਥੇ ਵਰਤੇ ਗਏ ਅਨੁਵਾਦ ਹਨ, ਨਿਊ ਅਮੈਰੀਕਨ ਸਟੈਂਡਰਡ ਬਾਈਬਲ, ਨਿਊ ਕਿੰਗ ਜੇਮਸ ਵਰਜ਼ਨ, ਕਿੰਗ ਜੇਮਸ ਵਰਜ਼ਨ, ਰਿਵਾਈਜ਼ਡ ਸਟੈਂਡਰਡ ਵਰਜ਼ਨ ਅਤੇ ਨਿਊ ਰਿਵਾਈਜ਼ਡ ਸਟੈਂਡਰਡ ਵਰਜ਼ਨ। [16]ਉਹ ਯਿਸੂ ਦੀ ਹਜ਼ੂਰੀ ਵਿਚ ਸਨ, ਜੋ ''ਪਵਿੱਤਰ ਆਤਮਾ ਨਾਲ ਭਰਿਆ ਹੋਇਆ'' ਸੀ (ਲੂਕਾ 4:1), ਅਤੇ ਉਸ ਨੇ ਆਤਮਾ ਨੂੰ ਦਿੱਤੀ ਗਈ ਸਮਰੱਥਾ ਉਨ੍ਹਾਂ ਨੂੰ ਦਿੱਤੀ ਸੀ (ਮੱਤੀ 10:8)। [17]ਪਵਿੱਤਰ ਆਤਮਾ ਹਰ ਮਸੀਹੀ ਵਿਚ ਹੈ (ਰਸੂਲਾਂ ਦੇ ਕੰਮ 2:38; 2 ਤਿਮੋਥਿਉਸ 1:14), ਪਰ ਉਵੇਂ ਨਹੀਂ ਜਿਵੇਂ ਰਸੂਲਾਂ ਵਿਚ ਸੀ। ਉਨ੍ਹਾਂ ਨੂੰ ਆਤਮਾ ਮੋਅਜਜ਼ੇ ਦੇ ਰਾਹੀਂ ਦਿੱਤਾ ਗਿਆ ਸੀ (ਰਸੂਲਾਂ ਦੇ ਕੰਮ 2:4; ਵੇਖੋ 5:12)। [18]ਪਵਿੱਤਰ ਆਤਮਾ ਦੇ ਕੁਝ ਲੋਕਾਂ ਲਈ ''ਬਿਨਾ ਮਾਪ ਦੇ'' ਹੋਣ ਦਾ ਇਕ ਕਾਰਣ ਇਹ ਹੈ ਕਿ ਉਸ ਦੇ ਆਉਣ ਦਾ ਮਕਸਦ ਆਪਣੇ ਆਪ ਨੂੰ ਉੱਚਾ ਕਰਨਾ ਨਹੀਂ ਸੀ। ਨਵੇਂ ਨੇਮ ਵਿਚ ਆਤਮਾ ਦੇ ਕਈ ਹਵਾਲੇ ਮਿਲਦੇ ਹਨ, ਪਰ ਉਸ ਬਾਰੇ ਪਿਤਾ ਅਤੇ ਪੁੱਤਰ ਜਿੰਨੀ ਜਾਣਕਾਰੀ ਨਹੀਂ ਦਿੱਤੀ ਗਈ। ਆਤਮਾ ਬਾਰੇ ਨਵਾਂ ਨੇਮ ਕੀ ਕਹਿੰਦਾ ਹੈ, ਇਸ ਦਾ ਅਧਿਐਨ ਕਰਨਾ ਚੰਗਾ ਹੈ, ਪਰ ਸਾਨੂੰ ਸਾਵਧਾਨ ਰਹਿਣਾ ਚਾਹੀਦਾ ਹੈ ਕਿ ਆਤਮਾ ਕਿੱਥੇ ਆਪਣੇ ਉੱਤੇ ਬਹੁਤਾ ਜ਼ੋਰ ਨਹੀਂ ਦਿੰਦਾ, ਅਤੇ ਸਾਨੂੰ ਉਸ ਨੂੰ ਅਤੇ ਉਸ ਦੇ ਕੰਮ ਨੂੰ ਪਿਤਾ ਅਤੇ ਪੁੱਤਰ ਤੋਂ ਉੱਚਾ ਨਹੀਂ ਕਰਨਾ ਚਾਹੀਦਾ। [19]ਵਾਰੇਨ ਡਬਲਯੂ. ਵਿਅਰਸਬੇ, *ਦ ਬਾਈਬਲ ਐਕਸਪੋਜ਼ਿਸ਼ਨ ਕਮੈਂਟਰੀ*, ਜਿਲਦ 1 (ਵ੍ਹੀਟਨ, ਇਲਿਨੋਇਸ: ਵਿਕਟਰ ਬੁਕਸ, 1989), 362. [20]KJV ਯੂਹੰਨਾ 16:13 ਦਾ ਅਨੁਵਾਦ ''ਉਹ ਆਪਣੇ ਬਾਰੇ ਨਾ ਬੋਲੇਗਾ'' ਹੈ। ਇਸ ਵਾਕ ਤੋਂ ਇਹ ਪ੍ਰਭਾਵ ਮਿਲ ਸਕਦਾ ਹੈ ਕਿ ਆਤਮਾ ਨੇ ਆਪਣੇ ਬਾਰੇ ਕੁਝ ਨਹੀਂ ਕਹਿਣਾ ਸੀ, ਜੋ ਕਿ ਅਸਲ ਵਿਚ ਇਸ ਤਰ੍ਹਾਂ ਨਹੀਂ ਹੈ (ਵੇਖੋ ਟਿੱਪਣੀ 19)। ''ਆਪਣੇ ਵੱਲੋਂ ਨਹੀਂ'' ਤੋਂ ਵਚਨ ਜ਼ਿਆਦਾ ਸਪਸ਼ਟ ਲੱਗਦਾ ਹੈ।

[21]''ਪਵਿੱਤਰ ਲਿਖਤ'' ਸ਼ਬਦ ਖ਼ੁਦਾ ਦੇ *ਲਿਖਤ* ਵਚਨ ਨੂੰ ਕਿਹਾ ਗਿਆ ਹੈ (ਵੇਖੋ 2 ਪਤਰਸ 3:15, 16)। [22]ਦਿੱਤੇ ਗਏ ਕਿਸੇ ਹਵਾਲੇ ਵਿਚ ਯਿਸੂ ਦੇ ਮਨ ਵਿਚ ਕੀ ਸੀ, ਦੱਸਣਾ ਸੌਖਾ ਨਹੀਂ ਰਹਿੰਦਾ। [23]ਯਿਸੂ ਇਸ ਆਇਤ ਵਿਚ ਜਾਣ ਬੁਝ ਕੇ ਸਪੱਸ਼ਟ ਨਹੀਂ ਸੀ (ਵੇਖੋ 16:25), ਪਰ ਇਹ ਵਿਚਾਰ ਕਰਕੇ ਕਿ ਉਹ ਜੀ ਉੱਠਣ ਤੋਂ ਬਾਅਦ ਦੇ ਆਪਣੇ ਦਰਸ਼ਣਾਂ ਦੀ ਗੱਲ ਕਰ ਰਿਹਾ ਸੀ। ''ਥੋੜ੍ਹੀ ਦੇਰ ਬਾਅਦ'' ਸ਼ਬਦਾਂ ਦਾ ਉਸ ਦੀ ਢੁੱਕਵੀਂ ਵਰਤੋਂ ਲੱਗਦੀ ਹੈ (16:16–19)। [24]ਯੂਹੰਨਾ 15:1–8 ਤੇ ਵਿਸਤਾਰ ਸਹਿਤ ਟਿੱਪਣੀ ਅਤੇ ਪ੍ਰਾਸੰਗਿਕਤਾ ਲਈ, ਇਸ ਕਿਤਾਬ ਵਿਚ ਅੱਗੇ ''ਪ੍ਰਭੂ ਵਿਚ ਬਹੁਤਾ ਫਲ ਦਿਓ'' ਪਾਠ ਵੇਖੋ। [25]ਯੂਹੰਨਾ ਵਿਚ ਇਹ ''ਮੈਂ ਹਾਂ'' ਦੇ ਸੱਤ ਕਥਨਾਂ ਵਿੱਚੋਂ ਸਭ ਤੋਂ ਆਖ਼ਰੀ ਹੈ। [26]NIV ਵਿਚ ''ਪਰਮੇਸ਼ੁਰ ਵਿਚ ਭਰੋਸਾ ਰੱਖੋ: ਮੇਰੇ ਵਿਚ ਵੀ ਭਰੋਸਾ ਰੱਖੋ'' ਹੈ। [27]ਯੂਹੰਨਾ 14–17 ਵਿਚ ਵਿਸ਼ਵਾਸ ਤੇ ਹੋਰ ਆਇਤਾਂ ਲਈ ਵੇਖੋ 16:30, 31; 17:8, 20, 21. [28]''ਫਲ ਲਿਆਉਣਾ'' ਵਾਕ ਅੰਸ਼ ਦੇ ਅਰਥ ਦੇ ਸਬੰਧ ਵਿਚ ਇਸ ਕਿਤਾਬ ਵਿਚ ਪਹਿਲਾਂ ਆਇਆ ਪਾਠ ''ਪ੍ਰਭੂ ਲਈ ਫਲ ਲਿਆਉਣਾ'' ਸਰਮਨ ਵੇਖੋ। [29]ਯੂਹੰਨਾ 14–17 ਵਿਚ ਜ਼ੋਰ ਇਸ ਗੱਲ ਤੇ ਹੈ ਕਿ ਯਿਸੂ ਆਪਣੇ ਚੇਲਿਆਂ ਨੂੰ ਅਜਿਹੇ ਸੰਸਾਰ ਵਿਚ ਹੀ ਭੇਜ ਰਿਹਾ ਸੀ, ਜਿਹੋ ਜਿਹੇ ਸੰਸਾਰ ਵਿਚ ਉਸ ਨੂੰ ਭੇਜਿਆ ਗਿਆ ਸੀ (17:3, 8, 18, 21, 23)—ਤਾਂ ਜੋ ਉਹ ਉਸ ਦੀ ਗਵਾਹੀ ਦੇ ਸਕਣ (15:27)। ਪਰ ਅਸੀਂ ਇਸ ਨੂੰ ਆਪਣੇ ਤੇ ਲਾਗੂ ਕਰ ਸਕਦੇ ਹਾਂ, ਕਿਉਂਕਿ ਜਿਸ ਹੁਕਮ ਨੇ ਉਨ੍ਹਾਂ ਨੂੰ ਸੰਸਾਰ ਵਿਚ ਭੇਜਿਆ ਉਹੀ ਸਾਡੇ ਲਈ ਵੀ ਹੈ (ਇਸ ਲੜੀ ਵਿਚ ਅੱਗੇ ਮੱਤੀ 28:18–20 ਤੇ ਚਰਚਾ ਵੇਖੋ)। [30]ਯਕੀਨਨ ਹੀ, ਯਿਸੂ ਦਾ ਪਿਆਰ ਇਸ ਤੋਂ ਵੱਧ ਕੇ ਸੀ ਕਿਉਂਕਿ ਉਸ ਨੇ ਆਪਣੇ ਵੈਰੀਆਂ ਲਈ ਵੀ ਆਪਣੀ ਜਾਨ ਦੇ ਦਿੱਤੀ (ਰੋਮੀਆਂ 5:8–10)।

[31]ਸੌਲੁਸ/ਪੌਲੁਸ ਇਸ ਦੀ ਇਕ ਉਦਾਹਰਣ ਹੈ। ਜਦੋਂ ਉਹ ਮਸੀਹੀ ਲੋਕਾਂ ਨੂੰ ਸਤਾਅ ਰਿਹਾ ਸੀ (ਰਸੂਲਾਂ ਦੇ ਕੰਮ 8:1, 3; 9:1, 2), ਤਾਂ ਉਹ ਨੂੰ ਲੱਗਦਾ ਸੀ ਕਿ ਉਹ ਖ਼ੁਦਾ ਦੀ ਸੇਵਾ ਕਰ ਰਿਹਾ ਹੈ (ਰਸੂਲਾਂ ਦੇ ਕੰਮ 26:9; ਗਲਾਤੀਆਂ 1:13, 14)। [32]ਇਹ ਜਰਮਾਯਾਹ ਈ. ਫ਼੍ਰੈਂਕਲਿਨ, ਦੇ ਅੰਗ੍ਰੇਜ਼ੀ ਗੀਤ ''ਗੌਡ ਬੀ ਵਿਧ ਯੂ,'' *ਸੌਂਗਜ਼ ਆਫ਼ ਫ਼ੇਥ ਐਂਡ ਪ੍ਰੇਜ਼*, ਸੰਕ. ਅਤੇ ਸੰਪਾ, ਆਲਟਨ ਐੱਚ. ਹੌਵਰਡ

(ਵੈਸਟ ਮੋਨਰੋ, ਲੂਇਸਿਆਨਾ: ਹੌਵਰਡ ਪਬਲਿਸ਼ਿੰਗ ਕੰ., 1994) ਦੇ ਅਨੁਵਾਦ ''ਰਬ ਸਾਥ ਹੋਵੇ ਜਬ ਹਮ ਜੁਦਾ ਹੋਂ'' ਦੇ ਮੁੱਢਲੇ ਸ਼ਬਦ ਹਨ। [33]ਰੌਬਰਟ ਡੰਕਨ ਕਲਵਰ, *ਦ ਲਾਈਫ਼ ਆਫ਼ ਕ੍ਰਾਈਸਟ* (ਗ੍ਰੈਂਡ ਰੈਪਿਡਸ, ਮਿਸ਼ਗਨ: ਬੇਕਰ ਬੁਕ ਹਾਊਸ, 1976), 237. [34]ਵਿਅਰਸਬੇ, 367.